ਸ੍ਰੀ ਗੁਰੂ ਸਿੰਘ ਸਭਾ

# ਪੱਤ੍ਰਿਕਾ

੧ ਜਨਵਰੀ ੨੦੨੩

ਸਿੱਖ ਮੁਫਾਦ ਦਾ ਪਹਿਰੇਦਾਰ

## ਦਸਮ ਪਾਤਸ਼ਾਹ ਦਾ ਪ੍ਰਕਾਸ਼ ਪੁਰਬ ਮੁੰਬਈ ਦੀਆਂ ਸੰਗਤਾਂ ਨੇ ਉਤਸ਼ਾਹ ਨਾਲ ਮਨਾਇਆ

**ਸਿੰਘ ਸਭਾ ਪੱਤ੍ਰਿਕਾ ਰਿਪੋਰਟਰ**

ਸਿੰਘ ਸਭਾ ਮੁੰਬਈ ਦੇ ਪ੍ਰਬੰਧ ਹੇਠ ਮੁੰਬਈ, ਨਵੀਂ ਮੁੰਬਈ, ਥਾਨਾ, ਕਲਿਆਣ, ਉਲਹਾਸਨਗਰ, ਮੀਰਾ ਰੋਡ, ਭਇੰਦਰ ਅਤੇ ਨਾਲ ਲਗਦੇ ਇਲਾਕਿਆਂ ਦੇ ਸਮੂੰਹ ਗੁਰਦੁਆਰਾ ਸਾਹਿਬ, ਸਮੂੰਹ ਸੰਸਥਾਵਾਂ, ਜੱਥੇਬੰਦੀਆਂ, ਸੇਵਕ ਜੱਥੇ ਅਤੇ ਸਮੂੰਹ ਸਾਧ ਸੰਗਤ ਦੇ ਸਹਿਯੋਗ ਨਾਲ ਸਾਹਿਬਜਾਦਿਆਂ ਦਾ ਸ਼ਹੀਦੀ ਦਿਹਾੜ੍ਹਾ ਅਤੇ ਸ੍ਰੀ ਗੁਰੂ ਗੋਬਿੰਦ ਦਿੰਘ ਸਾਹਿਬ ਜੀ ਦਾ ਪਾਵਨ ਪ੍ਰਕਾਸ਼ ਪੁਰਬ ਮਿੱਤੀ 25, 27, 28 ਅਤੇ 29 ਨੂੰ ਪੂਰਨ ਸ਼ਰਧਾ, ਸਤਿਕਾਰ ਅਤੇ ਖਾਲਸਾਈ ਜਾਹੋਜਲਾਲ ਨਾਲ ਮਨਾਇਆ ਗਿਆ। ਹਰ ਸਾਲ ਦੀ ਤਰ੍ਹਾਂ ਪ੍ਰਭਾਤ ਫੇਰੀ ਪ੍ਰੋਗਰਾਮ 18 ਦਸੰਬਰ ਤੋਂ 24 ਦਸੰਬਰ ਤੱਕ ਸਨ।

ਇਸ ਮਹਾਨ ਗੁਰਪੁਰਬ ਦੇ ਸਬੰਧ ਵਿਚ ਨਗਰ ਕੀਰਤਨ 25 ਦਸੰਬਰ ਦੁਪਹਿਰ 2 ਵਜੇ ਗੁਰਦੁਆਰਾ ਖਾਲਸਾ ਸਭਾ, ਮਾਟੂੰਗਾ, ਮੁੰਬਈ ਤੋਂ ਅਰੰਭ ਹੋ ਕੇ ਹਰੀ ਨਿਵਾਸ, ਸ਼ਿਵ ਸੈਨਾ ਭਵਨ, ਤਿਲਕ ਬਰਿਜ, ਦਾਦਰ ਟੀ ਟੀ, ਡਾ. ਅੰਬੇਦਕਰ ਰੋਡ ਦਾਦਰ ਤੋਂ ਹੁੰਦਾ ਹੋਇਆ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦਾਦਰ ਵਿਖੇ ਸਮਾਪਤ ਹੋਇਆ।




25 ਦਸੰਬਰ ਸ਼ਾਮ ਦੇ ਦੀਵਾਨ, 27 ਦਸੰਬਰ ਅਤੇ 28 ਦਸੰਬਰ ਸਵੇਰ ਦੇ ਦੀਵਾਨ ਗੁਰਦੁਆਰਾ ਸਾਹਿਬ ਦਾਦਰ ਦਰਬਾਰ ਹਾਲ ਵਿਖੇ ਅਤੇ 28 ਦਸੰਬਰ ਸ਼ਾਮ ਦੇ ਦੀਵਾਨ ਅਤੇ 29 ਦਸੰਬਰ ਗੁਰਪੁਰਬ ਦਿਵਸ ਦੇ ਦੀਵਾਨ ਸ੍ਰੀ ਦੀਵਾਨਚੰਦ ਰਾਮਸਰਨ ਕੰਪਾਉਂਡ, ਮਾਹੁਲ-ਚੰਬੂੰਰ-ਮੁੰਬਈ-74 (ਨੇੜ੍ਹੇ ਭਗਤੀ ਪਾਰਕ, ਵਡਾਲਾ, ਫਰੀਵੇ), ਵਿਖੇ ਸਜਾਏ ਗਏ।

28 ਦਸੰਬਰ ਸ਼ਾਮ ਦਾ ਵਡਾਲਾ ਗਰਾਂਉਂਡ ਵਿਖੇ ਗੁਰਮਤਿ ਸਮਾਗਮ ਸਾਹਿਬਜਾਦਿਆਂ ਦੇ ਸ਼ਹੀਦੀ ਦਿਹਾੜ੍ਹੇ ਨੂੰ ਸਮਰਪਿਤ ਸਨ ਅਤੇ 29 ਦਸੰਬਰ ਵਡਾਲਾ ਗਰਾਂਉਂਡ ਵਿਖੇ ਗੁਰਮਤਿ ਸਮਾਗਮ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਨ।

ਸਭਾ ਦੇ ਵਿਸ਼ੇਸ਼ ਸੱਦੇ ਤੇ ਭਾਈ ਕਰਨੈਲ ਸਿੰਘ, ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ, ਗੁਰਮਤਿ ਵਿਚਾਰ ਭਾਈ ਜਸਪ੍ਰੀਤ ਸਿੰਘ ਜੀ (ਹੈੱਡ ਗ੍ਰੰਥੀ ਗੁਰਦੁਆਰਾ ਸਾਹਿਬ ਦਾਦਰ),







ਚਲਦਾ ਪੰਨਾ ਨੰਬਰ 16 'ਤੇ



੨ ਭਗਵੰਤ ਮਾਨ ਦੇ ਬਿਆਨ ਨੇ ਮਚਾਈ ਖਲਬਲੀ



੫ ਸ਼ਿਲੌਂਗ ਬਨਾਮ ਲਤੀਫਪੁਰਾ



੮ ਚਾਲੀ ਮੁਕਤੇ ਦਿਵਸ ਨੂੰ ਸਮਰਪਿਤ



੯ ਕੀੜੀ ਦਾ ਆਟਾ



੧੦ Kirpan in Domestic Flights



੧੧ A taxi driver in Mumbai

# ਮੁੱਖ ਮੰਤਰੀ ਵਲੋਂ ਗੁਰੂ ਦੀ ਗੋਲਕ ਅਤੇ ਸ਼੍ਰੋਮਣੀ ਕਮੇਟੀ ਵਿਰੁੱਧ ਕੀਤੀਆਂ ਟਿੱਪਣੀਆਂ 'ਤੇ ਸਿੱਖ ਜਗਤ 'ਚ ਭਾਰੀ ਰੋਸ

### ਸਿੰਘ ਸਭਾ ਪੱਤ੍ਰਿਕਾ ਬਿਉਰੋ

ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵਲੋਂ ਬੀਤੇ ਦਿਨੀਂ 1 ਜਨਵਰੀ ਨੂੰ ਮਸਤੂਆਣਾ ਵਿਖੇ ਇਕ ਸਮਾਗਮ ਦੌਰਾਨ ਗੁਰਦੁਆਰਾ ਸਾਹਿਬਾਨ ਦੀਆਂ ਗੋਲਕਾਂ ਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਖ਼ਿਲਾਫ਼ ਕੀਤੀ ਅਪਮਾਨਜਨਕ ਬਿਆਨਬਾਜ਼ੀ ਦਾ ਸਖ਼ਤ ਨੋਟਿਸ ਲੈਂਦਿਆਂ ਸ਼੍ਰੋਮਣੀ ਕਮੇਟੀ ਮੈਂਬਰਾਂ ਵਲੋਂ ਪੰਜਾਬ ਭਰ ਦੇ ਜ਼ਿਲ੍ਹਾ ਹੈੱਡਕੁਆਟਰਾਂ 'ਤੇ ਡਿਪਟੀ ਕਮਿਸ਼ਨਰਾਂ ਨੂੰ ਮੰਗ ਪੱਤਰ ਸੌਂਪ ਕੇ ਮੁੱਖ ਮੰਤਰੀ ਨੂੰ ਇਸ ਸੰਬੰਧੀ ਜਨਤਕ ਤੌਰ 'ਤੇ ਮੁਆਫ਼ੀ ਮੰਗਣ ਦੀ ਤਾੜਨਾ ਕੀਤੀ।

ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਮੁੱਖ ਮੰਤਰੀ ਭਗਵੰਤ ਮਾਨ ਨੇ ਪ੍ਰਸਤਾਵਿਤ ਮਸਤੂਆਣਾ ਮੈਡੀਕਲ ਕਾਲਜ ਦੀ ਜ਼ਮੀਨ ਸੰਬੰਧੀ ਸ਼੍ਰੋਮਣੀ ਕਮੇਟੀ ਦੀ ਆਲੋਚਨਾ ਕਰਦਿਆਂ ਵਿਵਾਦਤ ਬਿਆਨ ਦਿੱਤਾ ਸੀ ਕਿ ਸ਼ਰਤ ਲਾ ਲਉ ਮੇਰੇ ਨਾਲ, ਸ਼੍ਰੋਮਣੀ ਕਮੇਟੀ ਦੇ ਗੁਰਦੁਆਰਾ ਸਾਹਿਬਾਨ ਵਿਚੋਂ ਜੇ ਗੋਲਕਾਂ ਚੁੱਕ ਦਿਉ ਤੇ ਉਥੇ ਲਿਖ ਦਿਉ ਕਿ ਸਿਰਫ਼ ਮੱਥਾ ਟੇਕਣ ਲਈ ਆਓ, ਅਸ਼ੀਰਵਾਦ ਲੈ ਕੇ ਜਾਓ, ਪੈਸੇ ਨਹੀਂ ਮੱਥਾ ਟੇਕਣੇ ਤਾਂ ਵੇਖਿਓ ਇਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਅੱਧੇ ਮੈਂਬਰ ਅਸਤੀਫ਼ੇ ਦੇ ਦੇਣਗੇ ਕਿ ਛੱਡੋ ਪਰੇ ਗੋਲਕਾਂ ਤਾਂ ਚੁੱਕ ਹੀ ਦਿੱਤੀਆਂ।

ਮੁੱਖ ਮੰਤਰੀ ਨੇ ਇਹ ਵੀ ਕਿਹਾ ਸੀ ਕਿ ਮੈਂ ਪਾਰਲੀਮੈਂਟ ਵਿਚ ਵੀ ਕਿਹਾ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਨਾਂਅ ਹੁਣ ਸ਼੍ਰੋਮਣੀ ਗੋਲਕ ਪ੍ਰਬੰਧਕ ਕਮੇਟੀ ਰੱਖ ਦੇਣਾ ਚਾਹੀਦਾ ਹੈ। ਮੁੱਖ ਮੰਤਰੀ ਦੇ ਵਿਵਾਦਤ ਬਿਆਨ ਪ੍ਰਤੀ ਸਖ਼ਤ ਰੋਸ ਪ੍ਰਗਟ ਕਰਦਿਆਂ ਸ਼੍ਰੋਮਣੀ



ਕਮੇਟੀ ਦੇ ਮੈਂਬਰ ਸਾਹਿਬਾਨ ਅਤੇ ਅਧਿਕਾਰੀਆਂ ਵਲੋਂ ਪੰਜਾਬ ਭਰ ਵਿਚ ਜ਼ਿਲ੍ਹਾ ਹੈੱਡਕੁਆਟਰਾਂ 'ਤੇ ਡਿਪਟੀ ਕਮਿਸ਼ਨਰਾਂ ਨੂੰ ਦਿੱਤੇ ਮੰਗ ਪੱਤਰਾਂ ਵਿਚ ਕਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼੍ਰੋਮਣੀ ਕਮੇਟੀ ਅਤੇ ਉਨ੍ਹਾਂ ਦੇ ਮਾਣ-ਸਤਿਕਾਰ ਨੂੰ ਭਾਰੀ ਸੱਟ ਮਾਰਨ ਦੇ ਨਾਲ-ਨਾਲ ਗੁਰੂ ਸਾਹਿਬਾਨ ਦੇ ਸਮੇਂ ਤੋਂ ਚੱਲਦੇ ਆ ਰਹੇ ਦਸਵੰਧ ਅਤੇ ਸੇਵਾ ਦੇ ਸਿਧਾਂਤ ਨਾਲ ਵੀ ਮਜ਼ਾਕ ਕੀਤਾ ਹੈ ਤੇ ਇਸ ਨਾਲ ਪੂਰੇ ਸਿੱਖ ਜਗਤ ਅੰਦਰ ਭਾਰੀ ਰੋਸ ਹੈ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਆਪਣੇ ਸ਼ਬਦ ਵਾਪਸ ਲੈਂਦਿਆਂ ਤੁਰੰਤ ਜਨਤਕ ਮੁਆਫ਼ੀ ਮੰਗਣ। ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਲਿਖੇ ਪੱਤਰ ਵਿਚ ਕਿਹਾ ਕਿ ਗੁਰੂ ਦੀ ਗੋਲਕ, ਲੰਗਰ, ਸੰਗਤ, ਦਸਵੰਧ ਆਦਿ ਦੇ ਸਿਧਾਂਤ ਅਤੇ ਮਰਯਾਦਾ ਗੁਰੂ ਸਾਹਿਬਾਨ ਦੇ ਸਮੇਂ ਤੋਂ ਚੱਲਦੀ ਆ ਰਹੀ ਹੈ, ਜੋ ਅੱਜ ਵੀ ਉਸੇ ਸੰਦਰਭ ਵਿਚ ਜਾਰੀ ਹੈ।


ਉਨ੍ਹਾਂ ਕਿਹਾ ਕਿ ਗੁਰੂ ਦਰਬਾਰ ਵਿਚ ਦਰਸ਼ਨਾਂ ਲਈ ਆਏ ਸ਼ਰਧਾਲੂ ਆਪਣੀ ਸ਼ਰਧਾ ਅਨੁਸਾਰ ਭੇਟਾਵਾਂ ਦੇ ਕੇ ਖ਼ੁਸ਼ੀਆਂ ਪ੍ਰਾਪਤ ਕਰਦੇ ਹਨ ਅਤੇ ਇਸ ਨਾਲ ਹੀ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਅਤੇ ਸੰਗਤਾਂ ਲਈ ਲੋੜੀਂਦੇ ਕਾਰਜ ਕੀਤੇ ਜਾਂਦੇ ਹਨ।

## ਜ਼ੀਰਾ ਸ਼ਰਾਬ ਫੈਕਟਰੀ ਬੰਦ ਕਰੇ ਸਰਕਾਰ: ਸਿਮਰਨਜੀਤ ਸਿੰਘ ਮਾਨ



ਜ਼ੀਰਾ ਸ਼ਰਾਬ ਫੈਕਟਰੀ ਦੇ ਬਾਹਰ ਲੱਗੇ ਧਰਨੇ 'ਚ ਅੱਜ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਸਮਰਥਕਾਂ ਸਣੇ ਸ਼ਾਮਲ ਹੋਏ। ਉਨ੍ਹਾਂ ਪੰਜਾਬ ਸਰਕਾਰ ਨੂੰ ਫੈਕਟਰੀ ਬੰਦ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੂੰ ਇਸ ਇਲਾਕੇ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਕਈ ਥਾਈਂ ਅਜਿਹੀਆਂ ਫੈਕਟਰੀਆਂ ਜ਼ਹਿਰੀਲੇ ਰਸਾਇਣ ਪੈਦਾ ਕਰ ਰਹੀਆਂ ਹਨ ਜਿਸ ਕਾਰਨ ਨੇੜਲੇ ਇਲਾਕਿਆਂ ਦੇ ਰਹਿੰਦੇ ਲੋਕ ਗੰਭੀਰ ਬਿਮਾਰੀਆਂ ਤੋਂ ਪੀੜਤ ਹੋ ਰਹੇ ਹਨ। ਮਾਨ ਨੇ ਕਿਹਾ ਕਿ ਉਹ ਅਗਲੇ ਲੋਕ ਸਭਾ ਸੈਸ਼ਨ ਵਿਚ ਇਸ ਫੈਕਟਰੀ ਦਾ ਮੁੱਦਾ ਚੁੱਕਣ ਦੀ ਕੋਸ਼ਿਸ਼ ਕਰਨਗੇ। ਉਨ੍ਹਾਂ ਦੀ ਪਾਰਟੀ ਸਾਂਝਾ ਮੋਰਚਾ ਆਗੂਆਂ ਨੂੰ ਹਮਾਇਤ ਦੇਣ ਲਈ ਤਿਆਰ ਹੈ। ਉਨ੍ਹਾਂ ਆਖਿਆ ਕਿ ਕੇਂਦਰ ਸਰਕਾਰ ਨੂੰ ਪਾਕਿਸਤਾਨ ਨਾਲ ਲੱਗਦੇ ਸਾਰੇ ਬਾਰਡਰ ਵਪਾਰ ਵਾਸਤੇ ਖੋਲ੍ਹ ਦੇਣੇ ਚਾਹੀਦੇ ਹਨ।

# ਲਤੀਫ਼ਪੁਰਾ ਉਜਾੜਾ: ਜਮਹੂਰੀ ਅਧਿਕਾਰ ਸਭਾ ਵੱਲੋਂ ਤੱਥ ਖੋਜ ਰਿਪੋਰਟ ਜਾਰੀ




### ਸਿੰਘ ਸਭਾ ਪੱਤ੍ਰਿਕਾ ਬਿਉਰੋ

ਜਮਹੂਰੀ ਅਧਿਕਾਰ ਸਭਾ ਪੰਜਾਬ ਨੇ ਲਤੀਫ਼ਪੁਰਾ ਵਿੱਚ ਕੀਤੇ ਉਜਾੜੇ ਜਾਣ ਦਾ ਗੰਭੀਰ ਨੋਟਿਸ ਲੈਂਦਿਆਂ ਜਾਰੀ ਕੀਤੀ ਰਿਪੋਰਟ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਅਤੇ ਜਲੰਧਰ ਇੰਪਰੂਵਮੈਂਟ ਟਰੱਸਟ ਦੀ ਭੂਮਿਕਾ 'ਤੇ ਸਵਾਲ ਉਠਾਏ ਹਨ। ਸਭਾ ਦੇ ਸੂਬਾ ਪ੍ਰਧਾਨ ਪ੍ਰੋ. ਜਗਮੋਹਣ ਸਿੰਘ ਦੀ ਅਗਵਾਈ ਹੇਠ ਤੱਥ ਖੋਜ ਟੀਮ ਵਿਚ ਬੂਟਾ ਸਿੰਘ ਅਤੇ ਜਸਵੀਰ ਦੀਪ, ਡਾ. ਜਗਜੀਤ ਸਿੰਘ ਚੀਮਾ, ਡਾ. ਮੰਗਤ ਰਾਏ, ਨਿਤਿਨ, ਐਡਵੋਕੇਟ ਮਧੂ ਰਚਨਾ ਤੇ ਯੁਵਰਾਜ ਸਿੰਘ ਆਦਿ ਸ਼ਾਮਲ ਸਨ।

ਟੀਮ ਨੇ ਪੜਤਾਲ ਮਗਰੋਂ ਸਬੰਧਤ ਰਕਬੇ ਦੀ ਨਿਸ਼ਾਨਦੇਹੀ ਕਰਵਾਏ ਬਿਨਾਂ ਇੰਪਰੂਵਮੈਂਟ ਟਰੱਸਟ ਦੇ ਉਸ ਦਾਅਵੇ 'ਤੇ ਸਵਾਲ ਚੁੱਕੇ ਹਨ ਜਿਸ ਵਿੱਚ ਕਿਹਾ ਗਿਆ ਸੀ ਕਿ ਲਤੀਫ਼ਪੁਰਾ ਮੁਹੱਲੇ ਵਿੱਚ ਸੱਤ ਦਹਾਕਿਆਂ ਤੋਂ ਰਹਿੰਦੇ ਵਸਨੀਕਾਂ ਨੇ ਨਾਜਾਇਜ਼ ਕਬਜ਼ੇ ਕੀਤੇ ਹੋਏ ਹਨ। ਟੀਮ ਨੇ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਕਾਰਵਾਈ ਦੌਰਾਨ ਵਸਨੀਕਾਂ ਦੀ ਸੁਰੱਖਿਆ ਸਬੰਧੀ ਹੁਕਮਾਂ ਨੂੰ ਦਰਕਿਨਾਰ ਕਰਨ 'ਤੇ ਵੀ ਸਵਾਲ ਚੁੱਕੇ ਹਨ।

ਜਾਂਚ ਟੀਮ ਨੇ ਕਿਹਾ ਕਿ ਅਕਾਲੀ ਤੇ ਕਾਂਗਰਸ ਦੀਆਂ ਸਰਕਾਰਾਂ ਸਮੇਂ ਲਤੀਫ਼ਪੁਰਾ ਉਜਾੜਨ ਦੀ ਸਾਜ਼ਿਸ਼ ਅੱਗੇ ਵਧਾਈ ਗਈ ਤੇ ਹੁਣ ਇਨ੍ਹਾਂ ਦੀ ਹਮਦਰਦੀ ਝੂਠੀ ਹੈ। ਰਿਪੋਰਟ ਅਨੁਸਾਰ ਇੰਪਰੂਵਮੈਂਟ ਟਰੱਸਟ ਨਾਲ ਸਬੰਧਤ ਧਾਂਦਲੀਆਂ ਦੀ ਵਿਜੀਲੈਂਸ ਵਿਭਾਗ ਜਾਂਚ ਜੇ ਸਹੀ ਤਰੀਕੇ ਨਾਲ ਮੁਕੰਮਲ ਹੋ ਜਾਂਦੀ ਹੈ ਤਾਂ ਟਰੱਸਟ ਦੇ ਦਾਅਵਿਆਂ ਦੀ ਸੱਚਾਈ ਸਾਹਮਣੇ ਆ ਸਕਦੀ ਹੈ।

ਰਿਪੋਰਟ ਅਨੁਸਾਰ ਇੰਪਰੂਵਮੈਂਟ ਟਰੱਸਟ ਵੱਲੋਂ 120 ਫੁੱਟ ਸੜਕ ਖਾਲੀ ਕਰਾਉਣ ਲਈ ਬੁਲਡੋਜ਼ਰ ਚਲਾ ਕੇ 300 ਫੁੱਟ ਤੱਕ ਪੂਰਾ ਮੁਹੱਲਾ ਹੀ ਢਹਿ-ਢੇਰੀ ਕਰਨ ਦੀ ਕੋਈ ਵਾਜਬੀਅਤ ਨਹੀਂ ਬਣਦੀ। ਸਭਾ ਦੇ ਆਗੂਆਂ ਨੇ ਦੱਸਿਆ ਕਿ ਜਲਦੀ ਹੀ ਮੁਕੰਮਲ ਰਿਪੋਰਟ ਵੀ ਜਾਰੀ ਕੀਤੀ ਜਾਵੇਗੀ।

# ਪੱਤ੍ਰਿਕਾ

ਸ੍ਰੀ ਗੁਰੂ ਸਿੰਘ ਸਭਾ

ਸਿੱਖ ਮੁਫਾਦ ਦਾ ਪਹਿਰੇਦਾਰ





Year: 6 Issue: 208

1 January 2023 Price: Rs. 5



EDITOR
KULWANT SINGH

PUBLISHER
BAHADUR SINGH
on behalf of Trust Sri Guru Singh Sabha,
Dr. Ambedkar Road, Dadar (E), Mumbai-14



PRINTER:
EXCEL ARTS
Bhai Jaimal Singh Marg,
Opp. Guru Nanak High School,
Guru Teg Bahadur Nagar, Mumbai-37



FEEDBACK
T: 24135029 E: sgssdadar@gmail.com



DISCLAIMER
Sri Guru Singh Sabha does not necessarily endorse all views of writers.

JURISDICTION
All disputes subject to jurisdiction of Mumbai courts only.



Registration No. MAHBIL/2013/53199
Postal Registration NO.MCE/248/2023-25
Postal at Dadar H.O. Mumbai-14


# ਸੰਪਾਦਕੀ

## ਨਵਾਂ ਸਾਲ -ਪੁਰਾਣੀਆਂ ਅਤੇ ਨਵੀਂਆਂ ਵੰਗਾਰਾਂ

ਹਰ ਨਵਾਂ ਸਾਲ ਆਪਣੇ ਨਾਲ ਨਵੀਆਂ ਉਮੀਦਾਂ ਅਤੇ ਨਵੀਆਂ ਵੰਗਾਰਾਂ ਲੈ ਕੇ ਆਉਂਦਾ ਹੈ। ਹਰ ਨਵੇਂ ਸਾਲ ਵਿੱਚ ਪੈਰ ਧਰਦਿਆਂ ਅਸੀਂ ਬੀਤੇ ਸਮੇਂ ਦਾ ਅਤੇ ਖਾਸ ਕਰਕੇ ਪਿਛਲੇ ਸਾਲ ਦਾ ਲੇਖਾ ਜੋਖਾ ਵੀ ਕਰਦੇ ਹਾਂ।

ਪਿਛਲੇ ਸਾਲ ਵਿੱਚ ਸਿੰਘ ਸਭਾ ਦਾਦਰ ਨੇ ਬਹੁਤ ਮੱਲਾਂ ਮਾਰੀਆਂ ਹਨ। ਗੁਰੂ ਨਾਨਕ ਹਸਪਤਾਲ ਬਾਂਦਰਾ ਦੀ ਨਵੀਂ ਇਮਾਰਤ ਬਣਨੀ ਸ਼ੁਰੂ ਹੋ ਗਈ ਹੈ। ਘਾਟਕੋਪਰ ਵਿਖੇ ਭਗਤ ਕਬੀਰ ਜੀ ਮੁਸਾਫਿਰਖਾਨਾ ਉਚੇਚੇ ਤੌਰ 'ਤੇ ਕੈਂਸਰ ਮਰੀਜ਼ਾਂ ਦੇ ਪਰਿਵਾਰਾਂ ਲਈ ਅਤੇ ਪੰਜਾਬ ਤੋਂ ਆਏ ਯਾਤਰੂਆਂ ਅਤੇ ਵਿਦਿਆਰਥੀਆਂ ਲਈ ਤਿਆਰ ਕੀਤਾ ਗਿਆ। ਹਰ ਸਾਲ ਦੀ ਤਰ੍ਹਾਂ ਹੋਣਹਾਰ ਸਿੱਖ ਬੱਚਿਆਂ ਨੂੰ ਵਜ਼ੀਫੇ ਅਤੇ ਲੋੜਵੰਦ ਬੱਚਿਆਂ ਨੂੰ ਫੀਸਾਂ ਦਿੱਤੀਆਂ ਗਈਆਂ। ਸਿੰਘ ਸਭਾ ਦਾਦਰ ਦੀ ਇਮਾਰਤ ਵਿੱਚ, ਲੰਗਰ ਅਸਥਾਨ ਅਤੇ ਮੁਸਾਫਿਰਖਾਨੇ ਵਿੱਚ ਲੋੜੀਂਦੀਆਂ ਤਬਦੀਲੀਆਂ ਅਤੇ ਵਾਧਾ ਕੀਤਾ ਗਿਆ।

ਇਸੇ ਹੀ ਸਮੇਂ ਵਿੱਚ ਨਵੇਂ ਚੁਣੇ ਪ੍ਰਧਾਨ ਸ੍ਰ. ਮਨਮੋਹਨ ਸਿੰਘ ਦੀ ਰਹਿਨੁਮਾਈ ਹੇਠ ਗੁਰੂ ਬਖਸ਼ਿਸ਼ ਨਾਲ ਮੁੰਬਈ ਅਤੇ ਮਹਾਂਰਾਸ਼ਟਰਾ ਵਿੱਚ ਵੱਸਦੇ ਸਿੱਖਾਂ ਦੇ ਮੁਫਾਦਾਂ ਦੀ ਰੱਖਿਆ ਲਈ ਵਿਸ਼ੇਸ਼ ਉਪਰਾਲੇ ਕੀਤੇ ਗਏ ਅਤੇ ਕੀਤੇ ਜਾ ਰਹੇ ਹਨ।

ਗੁਰਮਤਿ ਪ੍ਰਚਾਰ ਚੈਰੀਟੇਬਲ ਟਰੱਸਟ ਨਾਲ ਮਿਲ ਕੇ ਸਿੱਖ ਬੱਚਿਆਂ ਲਈ ਕੌਮੀ ਘੱਟ-ਗਿਣਤੀ ਵਜ਼ੀਫੇ ਦਿਵਾਉਣ ਲਈ ਵਿਸ਼ੇਸ਼ ਮੁਹਿੰਮ ਚਲਾਈ ਗਈ।

ਇਹ ਦੱਸਣਾ ਜਰੂਰੀ ਹੈ ਕਿ ਪੈਂਡਾ ਬਿਖੜਾ ਹੈ। ਪੰਜਾਬ ਮਹਾਰਾਸ਼ਟਰਾ ਕੋਆਪਰੇਟਿਵ ਬੈਂਕ ਦਾ ਮਸਲਾ ਅਤੇ ਉਸ ਵਿੱਚ ਹਜ਼ਾਰਾਂ ਸਿੱਖਾਂ ਦੀ ਕਿਰਤ-ਕਮਾਈ ਦੇ ਪੈਸਿਆਂ ਦਾ ਮਸਲਾ ਹਾਲੇ ਹੱਲ ਨਹੀਂ ਹੋਇਆ ਹੈ। ਵੱਖ ਵੱਖ ਟੀ ਵੀ ਚੈਨਲਾਂ ਅਤੇ ਭਾਰਤੀ ਫਿਲਮਾਂ ਵਿੱਚ ਸਿੱਖਾਂ ਨੂੰ ਬਦਨਾਮ ਕਰਨ ਦੀਆ ਹਰਕਤਾਂ ਘੱਟ ਤੇ ਜ਼ਰੂਰ ਹੋਈਆਂ ਹਨ ਪਰ ਬੰਦ ਨਹੀਂ ਹੋਈਆਂ। ਅਣਗਿਣਤ ਸਿਕਲੀਗਰ ਸਿੱਖਾਂ ਨੂੰ ਵਿੱਦਿਆ ਨਾਲ ਜੋੜਨ ਲਈ ਹੋਰ ਵੱਡੇ ਉਪਰਾਲਿਆਂ ਦੀ ਜ਼ਰੂਰਤ ਹੈ।

ਸਿੰਘ ਸਭਾ ਦਾਦਰ ਹੋਰ ਗੁਰਦੁਆਰਿਆਂ, ਸੇਵਕ ਜੱਥਿਆਂ ਅਤੇ ਹੋਰ ਸੰਸਥਾਵਾਂ ਦੇ ਸਹਿਯੋਗ ਨਾਲ ਕੇਂਦਰੀ ਰੂਪ ਵਿੱਚ ਗੁਰਪੁਰਬ ਮਨਾਉਂਦੀ ਹੈ ਪਰ ਇਸ ਲਈ ਸਾਡੇ ਕੋਲ ਸਾਡੀ ਲੋੜ ਮੁਤਾਬਕ ਥਾਂ ਨਹੀਂ ਹੈ। ਅਸੀਂ ਲਗਾਤਾਰ ਸਰਕਾਰ ਦਾ ਬੂਹਾ ਖੜਕਾ ਰਹੇ ਹਾਂ ਪਰ ਹਾਲੇ ਮਸਲਾ ਜਿਉਂ ਦਾ ਤਿਉਂ ਹੈ।

ਸਿੰਘ ਸਭਾ ਮੁੰਬਈ ਦੀ ਦਾਦਰ ਬਿਲਡਿੰਗ ਵਿੱਚ ਇੱਕ ਵੱਡੀ ਥਾਂ ਮਹਾਰਾਸ਼ਟਰਾ ਦੀ ਬਿਜਲੀ ਕੰਪਨੀ ਨੂੰ ਵਰ੍ਹਿਆਂ ਪਹਿਲਾਂ ਕਿਰਾਏ 'ਤੇ ਦਿੱਤੀ ਗਈ ਸੀ ਉਸ ਨੂੰ ਖਾਲੀ ਕਰਾਉਣ ਦਾ ਮਸਲਾ ਵੀ ਲਟਕ ਰਿਹਾ ਹੈ।

ਮਸਲੇ ਅਤੇ ਵੰਗਾਰਾਂ ਖਤਮ ਨਹੀਂ ਹੋਇਆ ਕਰਦੇ ਜਿਵੇਂ ਸਿੱਖਾਂ ਬਾਰੇ ਕਹਾਵਤ ਹੈ 'ਕਾਬੁਲ ਦੇ ਰਹਿਣ ਵਾਲਿਆਂ ਲਈ ਨਿੱਤ ਮੁਹਿੰਮਾਂ'। ਨਵਾਂ ਸਾਲ ਆਪਣੀ ਗੋਦ ਵਿੱਚ ਨਵੀਆਂ ਸਮਾਜਕ, ਧਾਰਮਕ ਅਤੇ ਸਿਆਸੀ ਮੁਸ਼ਕਲਾਂ ਲੈ ਕੇ ਆ ਰਿਹਾ ਹੈ।

ਪੰਥ-ਪੰਜਾਬ ਨੂੰ ਵੱਡੀਆਂ ਧਾਰਮਕ ਅਤੇ ਸਿਆਸੀ ਚਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ, ਜਿਸ ਦਾ ਅਸਰ ਪੰਜਾਬ ਤੋਂ ਬਾਹਰ ਵੀ ਜਿੱਥੇ ਜਿੱਥੇ ਸਿੱਖ ਵੱਸਦਾ ਹੈ ਉਸ 'ਤੇ ਪਵੇਗਾ।

ਸਿੰਘ ਸਭਾ ਦਾਦਰ ਵਚਨਬੱਧ ਹੈ ਕਿ ਉਹ ਵੰਗਾਰਾਂ ਦਾ ਟਾਕਰਾ ਕਰਦੇ ਹੋਏ ਸਿੱਖ ਮੁਫਾਦ ਦਾ ਪਹਿਰੇਦਾਰ ਬਣੀ ਰਹੇਗੀ।

## ਕੇਂਦਰ ਸੂਬਿਆਂ ਨੂੰ ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਨੂੰ ਰਿਹਾਅ ਕਰਨ ਬਾਰੇ ਕਹਿ ਚੁੱਕਾ ਹੈ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਕੇਂਦਰ ਨੇ ਸੂਬਾ ਸਰਕਾਰਾਂ ਨੂੰ ਉਨ੍ਹਾਂ ਕੈਦੀਆਂ ਨੂੰ ਰਿਹਾਅ ਕਰਨ ਲਈ ਕਿਹਾ ਹੈ ਜੋ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ ਪਰ ਜੁਰਮਾਨਾ ਅਦਾ ਨਾ ਕਰਨ ਕਰਕੇ ਅਜੇ ਵੀ ਜੇਲ੍ਹਾਂ 'ਚ ਬੰਦ ਹਨ। ਕੇਂਦਰੀ ਗ੍ਰਹਿ ਰਾਜ ਮੰਤਰੀ ਅਜੇ ਕੁਮਾਰ ਮਿਸ਼ਰਾ ਬੁੱਧਵਾਰ ਨੂੰ ਰਾਜ ਸਭਾ 'ਚ ਕਾਂਗਰਸ ਦੇ ਇਮਰਾਨ ਪ੍ਰਤਾਪਗੜ੍ਹੀ ਵਲੋਂ ਬਿਲਕਿਸ ਬਾਨੋ ਮਾਮਲੇ ਦੇ ਦੋਸ਼ੀਆਂ ਨੂੰ ਰਿਹਾਅ ਕਰਨ ਸੰਬੰਧੀ ਪੁੱਛੇ ਸਵਾਲ ਦਾ ਜਵਾਬ ਦੇ ਰਹੇ ਸਨ।

ਮੰਤਰੀ ਨੇ ਕਿਹਾ ਕਿ ਅਸੀਂ ਇਕ ਵਿਸ਼ੇਸ਼ ਸਕੀਮ ਬਣਾਈ ਹੈ, ਜਿਸ ਤਹਿਤ 15 ਅਗਸਤ 2022 ਤੋਂ ਇਲਾਵਾ 26 ਜਨਵਰੀ 2023 ਤੇ 15 ਅਗਸਤ 2023 ਨੂੰ ਸੂਬਿਆਂ ਨੂੰ ਉਨ੍ਹਾਂ ਕੈਦੀਆਂ ਨੂੰ ਰਿਹਾਅ ਕਰਨ ਲਈ ਕਿਹਾ ਹੈ ਜੋ ਆਪਣੀ ਸਜ਼ਾ ਪੂਰੀ ਕਰ ਚੁੱਕੇ ਹਨ ਪਰ ਜੁਰਮਾਨਾ ਅਦਾ ਨਾ ਕਰਨ ਕਰਕੇ ਜੇਲ੍ਹਾਂ 'ਚ ਬੰਦ ਹਨ।

ਇਸੇ ਦੌਰਾਨ 'ਆਪ' ਦੇ ਪੰਜਾਬ ਤੋਂ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਗੁਰਪੁਰਬ ਮੌਕੇ ਪ੍ਰਧਾਨ ਮੰਤਰੀ ਵਲੋਂ ਸਿੱਖ ਬੰਦੀਆਂ ਦੀ ਰਿਹਾਈ ਦੇ ਕੀਤੇ ਵਾਅਦੇ ਦੀ ਸਥਿਤੀ ਬਾਰੇ ਪੁੱਛਿਆ ਤਾਂ ਇਸ ਦੇ ਜਵਾਬ 'ਚ ਮੰਤਰੀ ਨੇ ਦੱਸਿਆ ਕਿ ਸੂਬਾ ਸਰਕਾਰਾਂ ਨੂੰ ਆਪਣੇ ਪ੍ਰਸਤਾਵ ਭੇਜਣ ਲਈ ਕਿਹਾ ਗਿਆ ਹੈ ਅਤੇ ਉਸ ਤੋਂ ਬਾਅਦ ਹੀ ਕੋਈ ਫ਼ੈਸਲਾ ਲਿਆ ਜਾਵੇਗਾ।

## ਜਪਸਿਮਰਨ ਕੌਰ ਨੇ 'ਕੌਣ ਬਨੇਗਾ ਕਰੋੜਪਤੀ' 'ਚ 50 ਲੱਖ ਪੁਆਇਟ ਜਿੱਤ ਕੇ ਰੌਸ਼ਨ ਕੀਤਾ ਜਲੰਧਰ ਦਾ ਨਾਂਅ

**ਸਿੰਘ ਸਭਾ ਪੱਤ੍ਰਿਕਾ ਬਿਊਰੋ**



ਜਲੰਧਰ ਸ਼ਹਿਰ ਦੀ ਹੋਣਹਾਰ ਵਿਦਿਆਰਥਣ ਜਪਸਿਮਰਨ ਕੌਰ ਨੇ ਚਰਚਿਤ ਸ਼ੋਅ 'ਕੌਣ ਬਨੇਗਾ ਕਰੋੜਪਤੀ' ਦੀ ਹਾਟ ਸੀਟ 'ਤੇ ਪਹੁੰਚ ਕੇ ਆਪਣੇ ਸ਼ਹਿਰ, ਸਕੂਲ ਅਤੇ ਮਾਤਾ ਪਿਤਾ ਦਾ ਨਾਂਅ ਰੌਸ਼ਨ ਕੀਤਾ ਹੈ। ਕੇਂਦਰੀ ਵਿਦਿਆਲਿਆ ਸੂਰਾਨਸੀ ਦੀ ਅੱਠਵੀਂ ਜਮਾਤ ਦੀ ਵਿਦਿਆਰਥਣ ਜਪਸਿਮਰਨ ਕੌਰ ਨੇ ਸ਼ੋਅ ਦੌਰਾਨ ਆਪਣੇ ਗਿਆਨ ਨੂੰ ਸਿੱਧ ਕਰਦੇ ਹੋਏ 50 ਲੱਖ ਅੰਕ ਜਿੱਤੇ ਜੋ 18 ਸਾਲ ਦੀ ਹੋਣ 'ਤੇ 50 ਲੱਖ ਰੁਪਏ 'ਚ ਬਦਲ ਦਿੱਤੇ ਜਾਣਗੇ।

ਉਸ ਨੇ ਕਿਹਾ ਕਿ ਮੈਗਾ ਸਟਾਰ ਅਮਿਤਾਭ ਬੱਚਨ ਨੂੰ ਦੇਖਣਾ ਅਤੇ ਹਾਟ ਸੀਟ 'ਤੇ ਪੁਹੰਚਣਾ ਉਸ ਲਈ ਇਕ ਸੁਪਨਾ ਸੀ ਕਿਉਂਕਿ ਇਸ ਤੋਂ ਪਹਿਲਾਂ ਉਸ ਦੇ ਪਿਤਾ ਵੀ ਇਸ ਸੀਟ ਤੱਕ ਪੁਹੰਚਣ ਲਈ ਤਿਆਰੀ ਕਰਦੇ ਰਹੇ ਸਨ ਪਰ ਉਹ ਕਾਮਯਾਬ ਨਹੀਂ ਹੋ ਸਕੇ। ਕੇ.ਬੀ.ਸੀ 'ਚ ਆਉਣ ਲਈ ਉਸ ਨੇ ਬਹੁਤ ਸਖ਼ਤ ਮਿਹਨਤ ਕੀਤੀ ਅਤੇ ਆਮ ਗਿਆਨ ਦੇ ਪ੍ਰਸ਼ਨਾਂ ਦੀ ਤਿਆਰੀ ਲਈ ਸਕੂਲ ਅਤੇ ਘਰ ਦੋਵਾਂ 'ਚ ਵਾਧੂ ਸਮਾਂ ਲਗਾਇਆ।

ਜਪਸਿਮਰਨ ਨੇ ਆਪਣੀ ਕਾਮਯਾਬੀ ਦਾ ਸਿਹਰਾ ਆਪਣੇ ਪਿਤਾ ਤੋਂ ਇਲਾਵਾ ਆਪਣੀ ਮਾਂ ਗੁਰਵਿੰਦਰ ਕੌਰ, ਸਰਕਾਰੀ ਸਕੂਲ ਦੀ ਅਧਿਆਪਕਾ ਅਤੇ ਦਾਦਾ ਤਾਰਾ ਸਿੰਘ ਨੂੰ ਵੀ ਦਿੱਤਾ। ਇਸ ਤੋਂ ਇਲਾਵਾ ਉਸ ਨੇ ਆਪਣੇ ਸਕੂਲ ਦੇ ਪ੍ਰਿੰਸੀਪਲ ਅਤੇ ਅਧਿਆਪਕਾਂ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਨੇ ਉਸ ਨੂੰ ਕੇ.ਬੀ.ਸੀ ਜੂਨੀਅਰ ਦੀ ਤਿਆਰੀ ਲਈ ਉਤਸ਼ਾਹਿਤ ਕੀਤਾ।

## 'ਸ਼ੂਦਰ ਟੂ ਖ਼ਾਲਸਾ' ਸੁਪਰਹਿੱਟ ਇਤਿਹਾਸਕ ਹਿੰਦੀ ਫ਼ੀਚਰ ਫ਼ਿਲਮ ਹੁਣ ਤਮਿਲ ਭਾਸ਼ਾ ਵਿਚ ਜਾਰੀ-ਡਾ. ਹਰਚੰਦ ਸਿੰਘ ਪ੍ਰੋਡਿਊਸਰ

ਅੰਬੇਡਕਰ ਸਿੱਖ ਸੈਂਟਰ, ਗੁਰਦੁਆਰਾ ਗੁਰੂ ਰਵਿਦਾਸ ਜੀ, ਚੰਡੀਗੜ੍ਹ ਰੋਡ, ਲੁਧਿਆਣਾ ਵਿਖੇ ਹਿੰਦੀ ਫੀਚਰ ਫਿਲਮ 'ਸ਼ੂਦਰ ਟੂ ਖਾਲਸਾ' ਦਾ ਦੱਖਣ ਭਾਰਤ ਦੀ ਵੱਡੀ ਵਸੋਂ ਵਲੋਂ ਬੋਲੀ ਜਾਣ ਵਾਲ਼ੀ ਤਮਿਲ ਭਾਸ਼ਾ ਵਿਚ ਡਬਿੰਗ ਕਰਨ ਉਪਰੰਤ ਰਿਲੀਜ ਸਮਾਰੋਹ ਰੱਖਿਆ ਗਿਆ। ਫਿਲਮ ਦੇ ਪ੍ਰੋਡਿਊਸਰ ਡਾਕਟਰ ਹਰਚੰਦ ਸਿੰਘ ਯੂ.ਐਸ.ਏ ਨੇ ਇਸ ਫਿਲਮ ਬਾਰੇ ਵਿਸਥਾਰਪੂਰਵਕ ਦੱਸਿਆ ਕਿ ਸਿੱਖ ਅਤੇ ਖਾਲਸਾ ਪਛਾਣ ਦੇ ਇਤਿਹਾਸ ਨੂੰ ਦਰਸਾਉਂਦੀ ਸੁਪਰਹਿੱਟ ਹਿੰਦੀ ਫਿਲਮ ਨੂੰ ਪਹਿਲਾਂ ਅੰਗਰੇਜੀ ਭਾਸ਼ਾ ਵਿਚ ਅਤੇ ਹੁਣ ਦੱਖਣ ਭਾਰਤ ਦੀ ਤਮਿਲ ਭਾਸ਼ਾ ਵਿਚ ਡੱਬ ਕਰਨ ਤੋਂ ਬਾਅਦ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਰਿਲੀਜ਼ ਕੀਤਾ ਜਾ ਰਿਹਾ ਹੈ।

### ਮੱਧ-ਪ੍ਰਦੇਸ਼ 'ਚ ਸੰਤ ਭਿੰਡਰਾਂਵਾਲਿਆਂ ਦੀ ਤਸਵੀਰ ਕਾਰਨ ਸਿੱਖ ਨੌਜਵਾਨ 'ਤੇ ਕੀਤਾ ਪਰਚਾ ਰੱਦ ਹੋਵੇ-ਐਡਵੋਕੇਟ ਧਾਮੀ



ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੱਧ ਪ੍ਰਦੇਸ਼ ਦੇ ਜਬਲਪੁਰ ਵਿਖੇ ਨਗਰ ਕੀਰਤਨ ਦੌਰਾਨ ਟਰੈਕਟਰ 'ਤੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂ ਵਾਲਿਆਂ ਦੀ ਤਸਵੀਰ ਲਗਾਉਣ ਕਾਰਨ ਇਕ ਸਿੱਖ ਨੌਜਵਾਨ 'ਤੇ ਕੇਸ ਪਾਉਣ ਅਤੇ ਉਸ ਨੂੰ ਗ੍ਰਿਫ਼ਤਾਰ ਕਰਨ ਦੀ ਕਰੜੀ ਨਿੰਦਾ ਕੀਤੀ। ਉਨ੍ਹਾਂ ਨੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ੍ਰੀ ਸ਼ਿਵਰਾਜ ਸਿੰਘ ਚੌਹਾਨ ਅਤੇ ਗ੍ਰਹਿ ਮੰਤਰੀ ਸ੍ਰੀ ਨਰੋਤਮ ਮਿਸ਼ਰਾ ਨੂੰ ਅਪੀਲ ਕੀਤੀ ਕਿ ਬੇਕਸੂਰ ਸਿੱਖ ਨੌਜਵਾਨ ਵਿਰੁੱਧ ਦਰਜ ਕੀਤੇ ਪਰਚੇ ਨੂੰ ਰੱਦ ਕਰਨ ਦੇ ਨਿਰਦੇਸ਼ ਜਾਰੀ ਕਰਨ।

### ਪੰਜਾਬ ਦੇ ਸਨਅਤਕਾਰਾਂ ਨੇ ਉੱਤਰ ਪ੍ਰਦੇਸ਼ 'ਚ ਨਿਵੇਸ਼ ਲਈ 2 ਲੱਖ 30 ਹਜ਼ਾਰ ਕਰੋੜ ਦੇ ਕੀਤੇ ਇਕਰਾਰ

ਇਕ ਪਾਸੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਪੰਜਾਬ 'ਚ ਨਿਵੇਸ਼ ਲਿਆਉਣ ਲਈ ਚੇਨਈ ਤੇ ਹੈਦਰਾਬਾਦ ਦੇ ਸਨਅਤਕਾਰਾਂ ਨਾਲ ਬੈਠਕਾਂ ਕੀਤੀਆਂ ਜਾ ਰਹੀਆਂ ਹਨ, ਉਥੇ ਦੂਸਰੇ ਪਾਸੇ ਪੰਜਾਬ ਦੇ ਸਨਅਤਕਾਰਾਂ ਵਲੋਂ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਨਾਲ ਬੈਠਕ ਕਰਕੇ ਉੱਤਰ ਪ੍ਰਦੇਸ਼ 'ਚ ਨਿਵੇਸ਼ ਕਰਨ ਲਈ 2 ਲੱਖ 30 ਹਜ਼ਾਰ ਕਰੋੜ ਰੁਪਏ ਦੇ ਇਕਰਾਰ ਕੀਤੇ ਹਨ।

### ਐਲਾਨ ਦੇ ਬਾਵਜੂਦ ਨਹੀਂ ਖੁੱਲ੍ਹ ਸਕੇ ਅੰਮ੍ਰਿਤਸਰ 'ਚ ਦੂਜੇ ਮੁਲਕਾਂ ਦੇ ਕੌਂਸਲੇਟ ਤੇ ਵੀਜ਼ਾ ਦਫ਼ਤਰ

ਅੰਮ੍ਰਿਤਸਰ 'ਚ ਵੱਖ-ਵੱਖ ਮੁਲਕਾਂ ਦੇ ਕੌਂਸਲੇਟ ਦਫ਼ਤਰ, ਵੀਜ਼ਾ ਦਫ਼ਤਰ ਤੇ ਟੂਰਿਜ਼ਮ ਦਫ਼ਤਰ ਖੋਲ੍ਹੇ ਜਾਣ ਦੇ ਐਲਾਨ ਕਈ ਵਾਰ ਕੀਤੇ ਜਾਣ ਦੇ ਬਾਵਜੂਦ ਅਜੇ ਤੱਕ ਜ਼ਮੀਨੀ ਪੱਧਰ 'ਤੇ ਕੋਈ ਵਿਸ਼ੇਸ਼ ਕਾਰਵਾਈ ਨਹੀਂ ਕੀਤੀ ਗਈ ਹੈ। ਦੱਸਣਯੋਗ ਹੈ ਕਿ ਪੰਜਾਬੀਆਂ ਦੀ ਵੱਡੀ ਵਸੋਂ ਅਮਰੀਕਾ, ਕੈਨੇਡਾ, ਯੂ. ਕੇ., ਜਰਮਨੀ, ਫਰਾਂਸ, ਇਟਲੀ, ਆਸਟ੍ਰੇਲੀਆ, ਨਿਊਜ਼ੀਲੈਂਡ, ਯੂ. ਏ. ਈ. ਵਰਗੇ ਮੁਲਕਾਂ 'ਚ ਹੈ, ਜੋ ਕਿ ਅਕਸਰ ਪੰਜਾਬ ਆਪਣੇ ਘਰਾਂ 'ਚ ਆਉਂਦੇ ਜਾਂਦੇ ਰਹਿੰਦੇ ਹਨ।

# ਸ਼ਿਲੌਂਗ ਬਨਾਮ ਲਤੀਫ਼ਪੁਰਾ: ਜਿਨ੍ਹਾਂ ਕੋਲ ਕਾਗਜ਼ ਨਹੀਂ ਹੁੰਦੇ

**ਸਵਰਾਜਵੀਰ ਸਿੰਘ**



ਪ੍ਰਸ਼ਨ ਇਹ ਹੈ ਕਿ ਜਿਨ੍ਹਾਂ ਕੋਲ ਕਾਗਜ਼ ਨਹੀਂ ਹੁੰਦੇ, ਕੀ ਉਹ ਮਨੁੱਖ ਨਹੀਂ ਹੁੰਦੇ? ਕੀ ਧਰਤੀ 'ਤੇ ਮਾਲਕੀ ਸਿਰਫ਼ ਨਕਸ਼ਿਆਂ, ਕਾਗਜ਼ਾਂ, ਰਿਕਾਰਡਾਂ ਦੇ ਆਧਾਰ 'ਤੇ ਹੀ ਹੋ ਸਕਦੀ ਹੈ? ਕੀ ਮਨੁੱਖ ਦਾ ਜ਼ਮੀਨ ਦੇ ਉਸ ਟੁਕੜੇ, ਜਿਸ 'ਤੇ ਉਹ ਦਹਾਕਿਆਂ ਤੋਂ ਵੱਸਦਾ ਹੋਵੇ, 'ਤੇ ਵੱਸਣ ਦਾ ਅਧਿਕਾਰ, ਉਸ ਦਾ ਕੁਦਰਤੀ ਹੱਕ (natural irght) ਨਹੀਂ ਬਣ ਜਾਂਦਾ। ...ਪੰਜਾਬੀ ਲੋਕ-ਮਨ ਵਿਚ ਸ਼ਬਦ ਲਤੀਫ਼ ਸ਼ੇਖ ਫ਼ਰੀਦ ਦੇ ਸਲੋਕ 'ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖੁ ॥ ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ ॥' ਸਦਕਾ ਵਸਿਆ ਹੋਇਆ ਹੈ। ਲਤੀਫ਼ਪੁਰਾ ਸ਼ੇਖ ਲਤੀਫ਼ ਦੇ ਨਾਂ 'ਤੇ ਵੱਸਿਆ ਦੱਸਿਆ ਜਾਂਦਾ ਹੈ।

ਮੈਂ ਪੁਲੀਸ ਦੀ ਨੌਕਰੀ ਦੇ ਸਿਲਸਿਲੇ ਵਿਚ 1988 ਵਿਚ ਮੇਘਾਲਿਆ ਦੀ ਰਾਜਧਾਨੀ ਸ਼ਿਲੌਂਗ ਪਹੁੰਚਿਆ। ਸ਼ਿਲੌਂਗ ਵਿਚ ਇਕ ਗੁਰਦੁਆਰਾ ਰਾਜ ਭਵਨ ਦੇ ਨਜ਼ਦੀਕ ਹੈ; ਮੈਂ ਹਰੇਕ ਗੁਰਪੁਰਬ ਵਾਲੇ ਦਿਨ ਉੱਥੇ ਜਾਂਦਾ। ਫਿਰ ਪਤਾ ਲੱਗਾ ਕਿ ਸ਼ਿਲੌਂਗ ਵਿਚ ਹੋਰ ਗੁਰਦੁਆਰੇ ਵੀ ਹਨ। ਇਕ ਗੁਰਦੁਆਰਾ ਸ਼ਿਲੌਂਗ ਦੇ ਵਪਾਰਕ ਕੇਂਦਰ 'ਬੜਾ ਬਾਜ਼ਾਰ (ਵੱਡਾ ਬਾਜ਼ਾਰ)' ਦੇ ਨਜ਼ਦੀਕ ਉਸ ਬਸਤੀ ਵਿਚ ਹੈ ਜਿਸ ਨੂੰ ਪੰਜਾਬੀ ਲੇਨ ਕਿਹਾ ਜਾਂਦਾ ਹੈ।

ਲਗਭਗ 3 ਏਕੜ ਦੀ ਇਸ ਬਸਤੀ ਵਿਚ 300 ਤੋਂ ਵੱਧ ਪੰਜਾਬੀ ਦਲਿਤ ਪਰਿਵਾਰ ਵੱਸਦੇ ਹਨ ਜਿਨ੍ਹਾਂ ਨੂੰ 1920-30ਵਿਆਂ ਵਿਚ ਸਾਫ਼ ਸਫ਼ਾਈ ਦੇ ਕੰਮ ਜਿਨ੍ਹਾਂ ਵਿਚ ਸੁੱਕੇ ਪਖਾਨਿਆਂ ਦੀ ਵੀ ਸਫ਼ਾਈ ਸ਼ਾਮਿਲ ਸੀ, ਕਰਨ ਲਈ ਇੱਥੇ ਲਿਆ ਕੇ ਵਸਾਇਆ ਗਿਆ ਸੀ। ਇਸ ਬਸਤੀ ਨੂੰ ਸਵੀਪਰਜ਼ (ਸਫ਼ਾਈ ਕਰਨ ਵਾਲਿਆਂ ਦੀ) ਕਲੋਨੀ ਵੀ ਕਿਹਾ ਜਾਂਦਾ ਸੀ। ਕਈ ਬਜ਼ੁਰਗਾਂ ਨੇ ਇਹ ਵੀ ਦੱਸਿਆ ਕਿ ਕੁਝ ਪਰਿਵਾਰ ਤਾਂ ਇੱਥੇ 1895 ਵਿਚ ਹੀ ਆ ਵੱਸੇ ਸਨ।

2007-08 ਵਿਚ ਉੱਘੇ ਇਤਿਹਾਸਕਾਰ ਹਿਮਾਦਰੀ ਬੈਨਰਜੀ ਸ਼ਿਲੌਂਗ ਆਏ। ਹਿਮਾਦਰੀ ਬੈਨਰਜੀ ਨੇ ਉਨ੍ਹੀਵੀਂ ਸਦੀ ਦੇ ਪੰਜਾਬ 'ਤੇ ਖੋਜ ਕਰਨ ਤੋਂ ਬਾਅਦ ਪੰਜਾਬ ਤੋਂ ਬਾਹਰ ਰਹਿੰਦੇ ਸਿੱਖਾਂ ਜਿਨ੍ਹਾਂ ਵਿਚ ਪੱਛਮੀ ਬੰਗਾਲ, ਬਿਹਾਰ, ਅਸਾਮ, ਉੜੀਸਾ ਆਦਿ ਦੇ ਸਿੱਖ ਸ਼ਾਮਿਲ ਹਨ, 'ਤੇ ਖੋਜ ਕਰ ਕੇ ਉਨ੍ਹਾਂ ਦਾ ਸਮਾਜਿਕ ਇਤਿਹਾਸ ਕਲਮਬੰਦ ਕੀਤਾ ਹੈ। ਇਸ ਖੇਤਰ ਵਿਚ ਉਨ੍ਹਾਂ ਦੀ ਕਿਤਾਬ 'ਦਿ ਅਦਰ ਸਿੱਖਸ (The Other iSkhs)' ਪ੍ਰਮਾਣਿਕ ਇਤਿਹਾਸਕ ਦਸਤਾਵੇਜ਼ ਹੈ।

ਉਨ੍ਹਾਂ ਦੇ ਕਹਿਣ 'ਤੇ ਮੈਂ ਪੰਜਾਬੀ ਲੇਨ ਵਿਚ ਰਹਿੰਦੇ ਵਾਸੀਆਂ ਨੂੰ ਪੁਲੀਸ ਗੈਸਟ ਹਾਊਸ ਵਿਚ ਬੁਲਾਇਆ। ਉਨ੍ਹਾਂ ਦਿਨਾਂ ਵਿਚ ਖਾਸੀ ਕਬੀਲੇ (ਜੋ ਪੂਰਬੀ ਮੇਘਾਲਿਆ ਦਾ ਮੁੱਖ ਕਬੀਲਾ ਹੈ) ਦੀਆਂ ਕੁਝ ਜਥੇਬੰਦੀਆਂ ਨੇ ਇਹ ਮੁਹਿੰਮ ਸ਼ੁਰੂ ਕੀਤੀ ਹੋਈ ਸੀ ਕਿ ਇਹ ਦਲਿਤ ਗ਼ੈਰ-ਕਾਨੂੰਨੀ ਤਰੀਕੇ ਨਾਲ ਇੱਥੇ ਵੱਸੇ ਹਨ; ਇਨ੍ਹਾਂ ਨੂੰ ਇੱਥੋਂ ਕੱਢ ਦਿੱਤਾ ਜਾਵੇ।

ਇਸ ਮੁਹਿੰਮ ਨੂੰ ਵੱਡੇ ਕਾਰੋਬਾਰੀਆਂ ਤੇ ਸਰਕਾਰ ਵਿਚ ਬੈਠੇ ਕੁਝ ਤੱਤਾਂ ਦੀ ਹਮਾਇਤ ਹਾਸਿਲ ਸੀ। ਸਾਰਿਆਂ ਨੇ ਆਪਣੇ ਹਾਲ ਇਸ ਸੰਦਰਭ ਦੇ ਮੱਦੇਨਜ਼ਰ ਸੁਣਾਏ। ਤਿੰਨ-ਚਾਰ ਬੁਲਾਰਿਆਂ ਦੀਆਂ ਗੱਲਾਂ ਨੇ ਲੋਕਾਂ ਨੂੰ ਰੁਆ ਦਿੱਤਾ। ਉਨ੍ਹਾਂ ਦੇ ਕਹੇ ਦਾ ਸਾਰ ਇਹ ਸੀ- ''ਇਨ੍ਹਾਂ ਲੋਕਾਂ (ਭਾਵ ਹਾਕਮਾਂ) ਨੇ ਸਾਨੂੰ ਉਨ੍ਹਾਂ ਸਮਿਆਂ ਵਿਚ ਇੱਥੇ ਬੁਲਾਇਆ ਜਦੋਂ ਸਾਡੀ ਜ਼ਰੂਰਤ ਸੀ। ਕਈ ਦਹਾਕੇ, ਹਰ ਰੋਜ਼, ਅਸੀਂ ਉਨ੍ਹਾਂ ਦਾ ਮਲ-ਮੂਤਰ ਸਿਰਾਂ 'ਤੇ ਢੋਇਆ ਪਰ ਹੁਣ ਹਾਲਾਤ ਬਦਲ ਗਏ ਨੇ, ਹੁਣ ਸਾਡੀ ਜ਼ਰੂਰਤ ਨਹੀਂ, ਹੁਣ ਸਾਨੂੰ ਇੱਥੋਂ ਨਿਕਲਣ ਲਈ ਕਿਹਾ ਜਾ ਰਿਹਾ ਹੈ, ਅਸੀਂ 80-90 ਸਾਲਾਂ ਤੋਂ ਇੱਥੇ ਰਹਿ ਰਹੇ ਹਾਂ; ਏਹੀ ਸਾਡਾ ਘਰ ਹੈ; ਅਸੀਂ ਕਿੱਥੇ ਜਾਈਏ?''

2010ਵਿਆਂ ਵਿਚ ਇਨ੍ਹਾਂ ਲੋਕਾਂ ਨੂੰ ਬੇਦਖ਼ਲ ਕਰਨ ਦੀ ਮੁਹਿੰਮ ਜ਼ੋਰ ਫੜ ਗਈ। 2018 ਵਿਚ ਮਾਮੂਲੀ ਗੱਲ 'ਤੇ ਦੰਗੇ ਭੜਕੇ। ਖਾਸੀ ਭਾਈਚਾਰੇ ਦੀਆਂ ਜਥੇਬੰਦੀਆਂ ਨੇ ਪੰਜਾਬੀ ਲੇਨ ਨੂੰ ਘੇਰ ਲਿਆ; ਅੱਗਜ਼ਨੀ ਹੋਈ। ਉਦੋਂ ਮੈਂ ਉੱਥੇ ਡਾਇਰੈਕਟਰ ਜਨਰਲ ਆਫ ਪੁਲੀਸ (ਡੀਜੀਪੀ) ਸਾਂ। ਅਸੀਂ ਸੈਂਕੜਿਆਂ ਦੀ ਗਿਣਤੀ ਵਿਚ ਹਥਿਆਰਾਂ ਤੋਂ ਬਿਨਾ ਪੁਲੀਸ ਕਰਮਚਾਰੀਆਂ ਨੂੰ ਦੋਵਾਂ ਭਾਈਚਾਰਿਆਂ (ਪੰਜਾਬੀ ਤੇ ਖਾਸੀ) ਵਿਚਕਾਰ ਤਾਇਨਾਤ ਕੀਤਾ। ਕੋਈ ਜਾਨੀ ਨੁਕਸਾਨ ਨਹੀਂ ਹੋਇਆ ਪਰ ਤਣਾਅ ਬਹੁਤ ਵਧ ਗਿਆ।

ਕਈ ਦਿਨ ਕਰਫਿਊ ਲੱਗਾ ਰਿਹਾ। ਪੰਜਾਬ ਤੋਂ ਕਾਂਗਰਸ, ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਪੰਜਾਬੀ ਤੇ ਸਿੱਖ

**ਲਗਭਗ 3 ਏਕੜ ਦੀ ਇਸ ਬਸਤੀ ਵਿਚ 300 ਤੋਂ ਵੱਧ ਪੰਜਾਬੀ ਦਲਿਤ ਪਰਿਵਾਰ ਵੱਸਦੇ ਹਨ ਜਿਨ੍ਹਾਂ ਨੂੰ 1920-30ਵਿਆਂ ਵਿਚ ਸਾਫ਼ ਸਫ਼ਾਈ ਦੇ ਕੰਮ ਜਿਨ੍ਹਾਂ ਵਿਚ ਸੁੱਕੇ ਪਖਾਨਿਆਂ ਦੀ ਵੀ ਸਫ਼ਾਈ ਸ਼ਾਮਿਲ ਸੀ, ਕਰਨ ਲਈ ਇੱਥੇ ਲਿਆ ਕੇ ਵਸਾਇਆ ਗਿਆ ਸੀ। ਇਸ ਬਸਤੀ ਨੂੰ ਸਵੀਪਰਜ਼ (ਸਫ਼ਾਈ ਕਰਨ ਵਾਲਿਆਂ ਦੀ) ਕਲੋਨੀ ਵੀ ਕਿਹਾ ਜਾਂਦਾ ਸੀ। ਕਈ ਬਜ਼ੁਰਗਾਂ ਨੇ ਇਹ ਵੀ ਦੱਸਿਆ ਕਿ ਕੁਝ ਪਰਿਵਾਰ ਤਾਂ ਇੱਥੇ 1895 ਵਿਚ ਹੀ ਆ ਵੱਸੇ ਸਨ।**

# ਉਜਾੜੋ ਤੇ ਰਾਜ ਕਰੋ ਦੀ ਬਦਨੀਤੀ

ਜਥੇਬੰਦੀਆਂ ਦੇ ਆਗੂ ਸ਼ਿਲੌਂਗ ਪਹੁੰਚੇ ਤੇ ਪੰਜਾਬੀ ਭਾਈਚਾਰੇ ਦੀ ਬਾਂਹ ਫੜੀ। ਕੇਸ ਅਦਾਲਤ ਵਿਚ ਹੈ। ਸਰਕਾਰ ਦਾ ਕਹਿਣਾ ਹੈ ਕਿ ਇਹ ਲੋਕ (ਪੰਜਾਬੀ) ਇਹ ਥਾਂ ਛੱਡ ਦੇਣ, ਅਸੀਂ ਉਨ੍ਹਾਂ ਨੂੰ 500-600 ਵਰਗ ਫੁੱਟ ਦੇ ਫਲੈਟ ਬਣਾ ਕੇ ਦਿਆਂਗੇ।

ਜੋ ਸਬੂਤ ਤੇ ਕਾਗਜ਼ਾਤ ਪੰਜਾਬੀ ਵਸਨੀਕ ਪੇਸ਼ ਕਰਦੇ ਹਨ, ਉਹ ਕਾਨੂੰਨੀ ਤੌਰ 'ਤੇ ਸਵੀਕਾਰ ਨਹੀਂ ਕੀਤੇ ਜਾ ਰਹੇ। ਸਭ ਤੋਂ ਵੱਡੇ ਸਬੂਤ, ਕਿ ਉਹ ਇਕ ਸਦੀ ਤੋਂ ਇੱਥੇ ਰਹਿ ਰਹੇ ਹਨ, ਨੂੰ ਵੀ ਮਾਨਤਾ ਨਹੀਂ ਦਿੱਤੀ ਜਾ ਰਹੀ। ਪੰਜਾਬ ਦੀਆਂ ਸਿਆਸੀ ਪਾਰਟੀਆਂ ਤੇ ਜਥੇਬੰਦੀਆਂ ਪੰਜਾਬੀਆਂ ਦੀ ਹਮਾਇਤ ਕਰ ਰਹੀਆਂ ਹਨ। ਪੰਜਾਬੀ ਉੱਥੇ ਵੱਸੇ ਹੋਏ ਹਨ, ਹਾਲੇ ਉੱਜੜੇ ਨਹੀਂ, ਉਜਾੜੇ ਦੇ ਕੰਢੇ 'ਤੇ ਹਨ।

ਪਰ ਇੱਥੇ ਪੰਜਾਬ ਵਿਚ ਕੀ ਹੋ ਰਿਹਾ ਹੈ? ਲਤੀਫ਼ਪੁਰਾ, ਜਲੰਧਰ ਦੀ ਇਕ ਆਬਾਦੀ ਹੈ। 75 ਸਾਲ ਪਹਿਲਾਂ ਇੱਥੇ ਗ਼ਰੀਬ ਮੁਸਲਮਾਨ ਵੱਸਦੇ ਸਨ। ਇਹ ਜ਼ਮੀਨ ਬੂਟਾ ਮੰਡੀ ਪਿੰਡ ਦੇ ਨਾਲ ਲੱਗਦੀ ਹੈ। 1947 ਵਿਚ ਪੰਜਾਬ ਵੰਡਿਆ ਗਿਆ। ਲੱਖਾਂ ਪੰਜਾਬੀ ਮਾਰੇ ਗਏ ਤੇ ਲੱਖਾਂ ਉੱਜੜੇ। ਉੱਜੜਨ ਵਾਲਿਆਂ ਵਿਚ ਸਾਹਿਬ-ਏ-ਜਾਇਦਾਦ (ਜਾਇਦਾਦਾਂ ਦੇ ਮਾਲਕ) ਵੀ ਸਨ ਤੇ ਬੇਜ਼ਮੀਨੇ ਵੀ। ਸਿਆਲਕੋਟ ਤੋਂ 35-40 ਬੇਜ਼ਮੀਨੇ ਪਰਿਵਾਰਾਂ ਨੇ ਆਪਣੇ ਸਿਰਾਂ 'ਤੇ ਚੁੱਕੀਆਂ ਗੰਢਾਂ ਲਤੀਫ਼ਪੁਰੇ ਲਿਆ ਰੱਖੀਆਂ। 1948-50 ਵਿਚ ਉਨ੍ਹਾਂ ਦੇ ਕੁਝ ਹੋਰ ਰਿਸ਼ਤੇਦਾਰ ਵੀ ਇੱਥੇ ਆ ਵੱਸੇ। ਇਹ ਘੱਟ ਸਾਧਨਾਂ ਵਾਲੇ ਬੇਜ਼ਮੀਨੇ ਲੋਕ ਸਨ।

ਉਨ੍ਹਾਂ ਨੂੰ ਸਰਕਾਰ ਨੇ ਜ਼ਮੀਨ ਕੀ ਦੇਣੀ ਸੀ; ਉਨ੍ਹਾਂ ਕੋਲ ਦਾਅਵੇ (ਕਲੇਮਜ਼) ਪੇਸ਼ ਕਰਨ ਲਈ ਕੋਈ ਕਾਗਜ਼ਾਤ ਵੀ ਨਹੀਂ ਸਨ। ਲਤੀਫ਼ਪੁਰੇ ਦੇ ਗ਼ਰੀਬ ਮੁਸਲਮਾਨਾਂ ਦੇ ਘਰਾਂ ਵਿਚ ਵੱਸ ਕੇ ਉਨ੍ਹਾਂ ਨੇ ਆਪਣਾ ਜੀਵਨ ਮੁੜ ਆਰੰਭਿਆ; ਮੱਝਾਂ ਰੱਖੀਆਂ ਤੇ ਰੋਜ਼ੀ-ਰੋਟੀ ਚਲਾਈ। ਸ਼ਹਿਰ ਵਧਦਾ ਵਧਦਾ ਉਨ੍ਹਾਂ ਦੀਆਂ ਬਰੂਹਾਂ ਕੋਲ ਆ ਗਿਆ। ਸਰਕਾਰਾਂ, ਇੰਪਰੂਵਮੈਂਟ ਟਰੱਸਟਾਂ ਤੇ ਹੋਰ ਸੰਸਥਾਵਾਂ ਨੇ ਨਕਸ਼ੇ ਬਣਾਏ।

ਉਨ੍ਹਾਂ ਨਕਸ਼ਿਆਂ ਵਿਚ ਇਨ੍ਹਾਂ ਲੋਕਾਂ ਦੀ ਹੋਂਦ ਤੇ ਹਸਤੀ ਦਰਜ ਨਹੀਂ ਕੀਤੀ ਗਈ। ਆਜ਼ਾਦੀ ਦੇ 75ਵੇਂ ਵਰ੍ਹੇ ਵਿਚ ਉਨ੍ਹਾਂ ਨੂੰ ਇੱਥੋਂ ਵੀ ਉਜਾੜ ਦਿੱਤਾ ਗਿਆ ਹੈ। ਕਈ ਪੰਜਾਬੀ 1947 ਨੂੰ ਵੀ 'ਉਜਾੜੇ' ਦੇ ਨਾਂ ਨਾਲ ਚੇਤੇ ਕਰਦੇ ਹਨ; ਲਤੀਫ਼ਪੁਰਾ ਦੇ ਵਾਸੀਆਂ ਲਈ ਇਹ ਦੂਸਰਾ ਉਜਾੜਾ ਹੈ।

ਪੰਜਾਬ ਦੀਆਂ ਸਰਕਾਰਾਂ ਤੇ ਸੰਸਥਾਵਾਂ ਨੇ ਇਨ੍ਹਾਂ ਲੋਕਾਂ ਨਾਲ ਇਸ ਤਰ੍ਹਾਂ ਦਾ ਸਲੂਕ ਕੀਤਾ ਜਿਵੇਂ ਇਨ੍ਹਾਂ ਦੀ ਹੋਂਦ ਤੇ ਇੱਥੇ ਵੱਸਣ ਦੇ ਕੋਈ ਮਾਇਨੇ ਨਾ ਹੋਣ, ਉਸ ਤਰ੍ਹਾਂ ਦਾ ਸਲੂਕ ਕੀਤਾ ਜਿਸ ਤਰ੍ਹਾਂ ਦਾ ਮੇਘਾਲਿਆ ਵਿਚ ਸਰਕਾਰ ਤੇ ਜਥੇਬੰਦੀਆਂ ਉੱਥੋਂ ਦੇ ਪੰਜਾਬੀਆਂ ਨਾਲ ਕਰਨ ਦੇ ਯਤਨ ਕਰ ਰਹੀਆਂ ਹਨ ਪਰ ਉਹ ਕਾਮਯਾਬ ਨਹੀਂ ਹੋਈਆਂ; ਇੱਥੇ ਸੱਤਾਧਾਰੀਆਂ ਨੂੰ ਕਾਮਯਾਬੀ ਮਿਲੀ ਹੈ; ਪੰਜਾਬੀਆਂ ਨੂੰ ਪੰਜਾਬ ਵਿਚ ਹੀ ਉਜਾੜ ਦਿੱਤਾ ਗਿਆ ਹੈ।

**ਪ੍ਰਮੁੱਖ ਸਵਾਲ ਇਹ ਹੈ ਕਿ ਅਜਿਹੇ ਮਾਮਲਿਆਂ ਨੂੰ ਅਦਾਲਤ ਵਿਚ ਪੇਸ਼ ਕਿਵੇਂ ਕੀਤਾ ਜਾਂਦਾ ਹੈ। ਜੇ ਪੰਜਾਬ ਸਰਕਾਰ, ਇੰਪਰੂਵਮੈਂਟ ਟਰੱਸਟ ਤੇ ਹੋਰ ਸਬੰਧਿਤ ਸੰਸਥਾਵਾਂ ਇਨ੍ਹਾਂ ਲੋਕਾਂ ਦੇ ੧੯੪੭ ਵਿਚ ਹੋਏ ਉਜਾੜੇ ਨੂੰ ਸਾਹਮਣੇ ਰੱਖਦਿਆਂ ਜ਼ਮੀਨ ਦੇ ਇਸ ਟੁਕੜੇ 'ਤੇ ਦਹਾਕਿਆਂ ਤੋਂ ਵਸਦੇ ਲੋਕਾਂ ਦੇ ਹੱਕ ਨੂੰ ਸਵੀਕਾਰ ਕਰ ਲੈਂਦੀਆਂ ਤਾਂ ਅਦਾਲਤ ਨੇ ਇਸ ਤਰ੍ਹਾਂ ਦੇ ਹੁਕਮ ਕਦੇ ਨਹੀਂ ਸਨ ਦੇਣੇ। ਅਦਾਲਤ ਨੇ ਅਜਿਹੇ ਹੁਕਮ ਇਸ ਲਈ ਦਿੱਤੇ ਕਿ ਸਰਕਾਰ, ਇੰਪਰੂਵਮੈਂਟ ਟਰੱਸਟ ਆਦਿ ਦਾ ਪੱਖ ਇਹ ਹੈ ਕਿ ਇਨ੍ਹਾਂ ਲੋਕਾਂ ਨੇ ਗ਼ੈਰ-ਕਾਨੂੰਨੀ ਤਰੀਕੇ ਨਾਲ ਇਸ ਜ਼ਮੀਨ 'ਤੇ ਕਬਜ਼ਾ ਕੀਤਾ ਹੈ।**




### ਤਰਕ ਕੀ ਹੈ

ਤਰਕ ਇਹ ਹੈ ਕਿ ਇਹ ਸੁਪਰੀਮ ਕੋਰਟ ਦੇ ਦਿੱਤੇ ਆਦੇਸ਼ਾਂ ਦੀ ਪਾਲਣਾ ਕਰਨ ਲਈ ਕੀਤਾ ਗਿਆ ਹੈ; ਇਹ ਕੇਸ ਕਈ ਵਰ੍ਹਿਆਂ ਤੋਂ ਅਦਾਲਤਾਂ ਵਿਚ ਚੱਲ ਰਿਹਾ ਸੀ। ਦੱਸਿਆ ਜਾ ਰਿਹਾ ਕਿ ਇਹ ਥਾਂ ਟਰੱਸਟ ਨੇ ਕੁਝ ਲੋਕਾਂ ਨੂੰ ਅਲਾਟ ਕੀਤੀ ਸੀ। ਇਹ ਗੱਲ ਕਾਂਗਰਸ ਤੇ ਅਕਾਲੀ ਸਰਕਾਰਾਂ ਸਮੇਂ ਵਾਪਰੀ। ਅਲਾਟੀਆਂ ਨੇ ਕਬਜ਼ੇ ਨਾ ਮਿਲਣ ਕਾਰਨ ਅਦਾਲਤ ਦੇ ਬੂਹੇ ਖੜਕਾਏ।

ਪ੍ਰਮੁੱਖ ਸਵਾਲ ਇਹ ਹੈ ਕਿ ਅਜਿਹੇ ਮਾਮਲਿਆਂ ਨੂੰ ਅਦਾਲਤ ਵਿਚ ਪੇਸ਼ ਕਿਵੇਂ ਕੀਤਾ ਜਾਂਦਾ ਹੈ। ਜੇ ਪੰਜਾਬ ਸਰਕਾਰ, ਇੰਪਰੂਵਮੈਂਟ ਟਰੱਸਟ ਤੇ ਹੋਰ ਸਬੰਧਿਤ ਸੰਸਥਾਵਾਂ ਇਨ੍ਹਾਂ ਲੋਕਾਂ ਦੇ 1947 ਵਿਚ ਹੋਏ ਉਜਾੜੇ ਨੂੰ ਸਾਹਮਣੇ ਰੱਖਦਿਆਂ ਜ਼ਮੀਨ ਦੇ ਇਸ ਟੁਕੜੇ 'ਤੇ ਦਹਾਕਿਆਂ ਤੋਂ ਵਸਦੇ ਲੋਕਾਂ ਦੇ ਹੱਕ ਨੂੰ ਸਵੀਕਾਰ ਕਰ ਲੈਂਦੀਆਂ ਤਾਂ ਅਦਾਲਤ ਨੇ ਇਸ ਤਰ੍ਹਾਂ ਦੇ ਹੁਕਮ ਕਦੇ ਨਹੀਂ ਸਨ ਦੇਣੇ। ਅਦਾਲਤ ਨੇ ਅਜਿਹੇ ਹੁਕਮ ਇਸ ਲਈ ਦਿੱਤੇ ਕਿ ਸਰਕਾਰ, ਇੰਪਰੂਵਮੈਂਟ ਟਰੱਸਟ ਆਦਿ ਦਾ ਪੱਖ ਇਹ ਹੈ ਕਿ ਇਨ੍ਹਾਂ ਲੋਕਾਂ ਨੇ ਗ਼ੈਰ-ਕਾਨੂੰਨੀ ਤਰੀਕੇ ਨਾਲ ਇਸ ਜ਼ਮੀਨ 'ਤੇ ਕਬਜ਼ਾ ਕੀਤਾ ਹੈ।

ਕਾਨੂੰਨੀ ਤਰੀਕੇ ਨਾਲ ਕਬਜ਼ੇ ਤਾਂ ਸਿਰਫ਼ ਸਰਕਾਰ ਦੀ ਸਹਿਮਤੀ ਨਾਲ ਹੁੰਦੇ ਹਨ; ਸਰਕਾਰਾਂ ਨਕਸ਼ੇ ਬਣਾਉਂਦੀਆਂ ਤੇ ਜ਼ਮੀਨ ਐਕੁਆਇਰ ਕਰਦੀਆਂ ਹਨ। ਬਾਰਸੂਖ਼ ਬੰਦੇ ਕਬਜ਼ੇ ਕਰਦੇ ਤੇ ਸਰਕਾਰਾਂ ਤੇ ਸੰਸਥਾਵਾਂ ਤੋਂ ਉਨ੍ਹਾਂ ਨੂੰ ਕਾਨੂੰਨੀ ਤੌਰ 'ਤੇ ਸਹੀ ਠਹਿਰਾ (ਰੈਗੂਲਰਾਈਜ਼ ਕਰਵਾ) ਲੈਂਦੇ ਹਨ; ਰਹਿ ਜਾਂਦੇ ਨੇ ਸਾਧਨ ਵਿਹੂਣੇ ਲੋਕ ਜਿਨ੍ਹਾਂ ਦੇ ਛੋਟੇ ਛੋਟੇ ਘਰ ਬਣਾਉਣ ਦੇ ਹੱਕ ਨੂੰ ਵੀ ਸਵੀਕਾਰ ਨਹੀਂ ਕੀਤਾ ਜਾਂਦਾ।

ਇਹ ਹੱਕ ਸਰਕਾਰਾਂ, ਇੰਪਰੂਵਮੈਂਟ ਟਰੱਸਟਾਂ ਤੇ ਹੋਰ ਸੰਸਥਾਵਾਂ ਕੋਲ ਆ ਜਾਂਦਾ ਹੈ ਜਿਨ੍ਹਾਂ ਦੀ ਇਨ੍ਹਾਂ ਜ਼ਮੀਨਾਂ 'ਤੇ ਦਹਾਕਿਆਂ ਬਾਅਦ ਨਜ਼ਰ ਪੈਂਦੀ ਹੈ; ਕੀ ਉਨ੍ਹਾਂ ਕੋਲ ਇਹ ਅਧਿਕਾਰ ਇਸ ਕਾਰਨ ਆਉਂਦੇ ਹਨ ਕਿ ਉਨ੍ਹਾਂ ਕੋਲ ਸੱਤਾ ਹੁੰਦੀ ਹੈ? ਕੀ ਮਨੁੱਖ ਦੇ ਮਨੁੱਖ ਹੋਣ ਵਜੋਂ ਕੋਈ ਕੁਦਰਤੀ ਅਧਿਕਾਰ (ਨੈਚੁਰਲ ਰਾਈਟਸ) ਨਹੀਂ ਹੁੰਦੇ ਕਿ ਉਸ ਨੂੰ ਵੱਸਣ ਲਈ ਕੁਝ ਗਜ਼ ਜ਼ਮੀਨ ਚਾਹੀਦੀ ਹੈ।

# ਉਜਾੜੋ ਤੇ ਰਾਜ ਕਰੋ ਦੀ ਬਦਨੀਤੀ



**ਤਰਕ, ਉਹੀ ਤਰਕ:**

ਇਨ੍ਹਾਂ ਕੋਲ ਕਾਗਜ਼ ਨਹੀਂ ਲਤੀਫ਼ਪੁਰੇ ਤੇ ਸ਼ਿਲੌਂਗ ਦੇ ਲੋਕਾਂ ਨੂੰ ਉਜਾੜਨ ਲਈ ਹਾਕਮ ਜਮਾਤਾਂ ਦਾ ਤਰਕ ਸਾਂਝਾ ਹੈ, ਇਨ੍ਹਾਂ ਲੋਕਾਂ ਕੋਲ ਸਹੀ ਕਾਗਜ਼ ਨਹੀਂ। ਸ਼ਿਲੌਂਗ ਦੇ ਪੰਜਾਬੀ ਦੱਸਦੇ ਹਨ ਕਿ ਸ਼ਿਲੌਂਗ ਦੇ ਸਥਾਨਕ ਰਾਜੇ ਜਿਸ ਨੂੰ ਸਈਐਮ (ਸ਼ੋਇਮ) ਕਿਹਾ ਜਾਂਦਾ ਹੈ, ਨੇ ਉਨ੍ਹਾਂ ਨੂੰ ਸਨਦ ਦਿੱਤੀ; ਹੁਣ ਦੀ ਸਰਕਾਰ ਉਸ ਸਨਦ ਨੂੰ ਕਾਨੂੰਨੀ ਕਾਗਜ਼ ਨਹੀਂ ਮੰਨਦੀ। ਲਤੀਫ਼ਪੁਰੇ ਦੇ ਲੋਕ ਦੱਸਦੇ ਹਨ ਕਿ ਉਹ 1947 ਵਿਚ ਸਿਆਲਕੋਟ ਤੇ ਹੋਰ ਥਾਵਾਂ ਤੋਂ ਉੱਜੜ ਕੇ ਇੱਥੇ ਪਹੁੰਚੇ, ਇੱਥੇ ਛੋਟੇ ਛੋਟੇ ਘਰ ਬਣੇ ਤਾਂ ਬਿਜਲੀ ਦੇ ਕੁਨੈਕਸ਼ਨ ਲੱਗੇ, ਰਾਸ਼ਨ ਕਾਰਡ ਬਣੇ ਪਰ ਉਨ੍ਹਾਂ ਕਾਗਜ਼ਾਂ ਨੂੰ ਵਾਸੀਆਂ ਦੇ ਇੱਥੇ ਵੱਸਦੇ ਹੋਣ ਦੇ ਸਬੂਤ ਨਹੀਂ ਮੰਨਿਆ ਗਿਆ।

**ਫਲੈਟ ਮਿਲਣਗੇ, ਫਲੈਟ...**

ਦੋਹਾਂ ਥਾਵਾਂ ’ਤੇ ਸਰਕਾਰਾਂ ਦਾ ਤਰਕ ਉਹੀ ਹੈ, ਤੁਹਾਨੂੰ ਹੋਰ ਥਾਂ ’ਤੇ 50-70 ਵਰਗ ਗਜ਼ ਦੇ ਰਕਬੇ ਵਿਚ ਫਲੈਟ ਬਣਾ ਕੇ ਦਿੱਤੇ ਜਾਣਗੇ। ਕੋਈ ਵੀ ਅੰਦਾਜ਼ਾ ਲਗਾ ਸਕਦਾ ਹੈ ਕਿ ਇਸ ਰਕਬੇ ਵਿਚ ਕਿਸ ਤਰ੍ਹਾਂ ਦਾ ਘਰ ਬਣੇਗਾ; ਸਰਕਾਰਾਂ ਦੀ ਬੁਨਿਆਦੀ ਸ਼ਰਤ ਵੀ ਇਹੀ ਰਹੀ ਹੈ ਕਿ ਹੁਣ ਵਾਲੀ ਥਾਂ ਜਿੱਥੇ ਤੁਸੀਂ ਦਹਾਕਿਆਂ ਤੋਂ ਵੱਸ ਰਹੇ ਹੋ, ਉਹ ਛੱਡ ਦੇਵੋ, ਉੱਜੜ ਜਾਵੋ, ਅਸੀਂ ਤੁਹਾਡੇ ’ਤੇ ‘ਮਿਹਰਬਾਨੀ’ ਕਰਾਂਗੇ, ਤੁਹਾਨੂੰ ਫਲੈਟ ਬਣਾ ਕੇ ਦੇਵਾਂਗੇ।

ਕਿਉਂ ਉੱਜੜ ਜਾਵੋ? ਉਸ ਦਾ ਕਾਰਨ ਵੀ ਸਾਂਝਾ ਹੈ; ਕਿਉਂਕਿ ਜਦੋਂ ਤੁਸੀਂ ਵੱਸੇ ਸੀ, ਉਦੋਂ ਇਹ ਥਾਂ ਉਜਾੜ ਸੀ, ਇੱਥੇ ਕੋਈ ਨਹੀਂ ਸੀ ਰਹਿੰਦਾ। ਹੁਣ ਇਹ ਕੀਮਤੀ ਜ਼ਮੀਨ ਬਣ ਚੁੱਕੀ ਹੈ, ਇੱਥੇ ਵਪਾਰੀਆਂ, ਕਾਰੋਬਾਰੀਆਂ, ਅਫ਼ਸਰਾਂ, ਸਰਕਾਰੀ ਕਰਮਚਾਰੀਆਂ, ਸਾਧਨਾਂ ਵਾਲੇ ‘ਇੱਜ਼ਤਦਾਰ’ ਤੇ ਕਾਗਜ਼ਾਂ ਵਾਲੇ ਵਿਅਕਤੀਆਂ ਨੇ ਵੱਸਣਾ ਹੈ; ਤੁਹਾਡੇ ਜਿਹੇ ਬੇ-ਕਾਗਜ਼ੇ/ਕਾਗਜ਼ਹੀਣੇ ਵਿਅਕਤੀਆਂ ਨੇ ਨਹੀਂ।

**ਕਾਗਜ਼ ਕਿਵੇਂ ਬਣਦੇ ਹਨ:**

ਜਦ ਬਸਤੀਵਾਦੀ ਅਮਰੀਕਾ, ਆਸਟਰੇਲੀਆ, ਕੈਨੇਡਾ ਆਦਿ ਵਿਚ ਗਏ ਤਾਂ ਉੱਥੇ ਮੂਲ ਵਾਸੀ ਵੱਸਦੇ ਸਨ; ਉਨ੍ਹਾਂ ਨੇ ਆਪਣੇ ਇਲਾਕਿਆਂ ਦੇ ਨਾਂ ਰੱਖੇ ਤੇ ਇਲਾਕੇ ਵੰਡੇ ਹੋਏ ਸਨ ਪਰ ਉਨ੍ਹਾਂ ਕੋਲ ਕਾਗਜ਼ ਨਹੀਂ ਸਨ। ਨਵੇਂ ਹਾਕਮਾਂ ਨੇ ਨਕਸ਼ੇ ਤੇ ਕਾਗਜ਼ ਬਣਾਏ; ਮਲਕੀਅਤ ਨਕਸ਼ਿਆਂ ਤੇ ਕਾਗਜ਼ਾਂ ਦੇ ਸਿਰ ’ਤੇ ਸਥਾਪਿਤ ਹੋਈ; ਗਿਆਨ+ਸੱਤਾ ਨੇ ਕਾਗਜ਼ ਹੀਣਿਆਂ ਨੂੰ ਉਨ੍ਹਾਂ ਜ਼ਮੀਨਾਂ, ਜਿੱਥੇ ਉਹ ਸੈਂਕੜੇ ਸਾਲਾਂ ਤੋਂ ਵੱਸਦੇ ਆਏ ਸਨ, ਤੋਂ ਬੇਦਖ਼ਲ ਕਰ ਦਿੱਤਾ।

ਪ੍ਰਸ਼ਨ ਇਹ ਹੈ ਕਿ ਜਿਨ੍ਹਾਂ ਕੋਲ ਕਾਗਜ਼ ਨਹੀਂ ਹੁੰਦੇ, ਕੀ ਉਹ ਮਨੁੱਖ ਨਹੀਂ ਹੁੰਦੇ? ਕੀ ਧਰਤੀ ’ਤੇ ਮਾਲਕੀ ਸਿਰਫ਼ ਨਕਸ਼ਿਆਂ, ਕਾਗਜ਼ਾਂ, ਰਿਕਾਰਡਾਂ ਦੇ ਆਧਾਰ ’ਤੇ ਹੀ ਹੋ ਸਕਦੀ ਹੈ? ਕੀ ਮਨੁੱਖ ਦਾ ਜ਼ਮੀਨ ਦੇ ਉਸ ਟੁਕੜੇ, ਜਿਸ ’ਤੇ ਉਹ ਦਹਾਕਿਆਂ ਤੋਂ ਵੱਸਦਾ ਹੋਵੇ, ’ਤੇ ਵੱਸਣ ਦਾ ਅਧਿਕਾਰ, ਉਸ ਦਾ ਕੁਦਰਤੀ ਹੱਕ (natural irght) ਨਹੀਂ ਬਣ ਜਾਂਦਾ।

ਲਤੀਫ਼ਪੁਰੇ ਵਿਚ ਜੋ ਹੋਇਆ, ਉਹ ਦਿਲ ਦਹਿਲਾ ਦੇਣ ਵਾਲਾ ਹੈ। ਉਜਾੜੇ ਗਏ ਲੋਕਾਂ ਅਨੁਸਾਰ ਉਨ੍ਹਾਂ ਨੂੰ ਘਰ ਖਾਲੀ ਕਰਨ ਲਈ ਕੋਈ ਸਮਾਂ ਨਹੀਂ ਦਿੱਤਾ ਗਿਆ। ਕਈਆਂ ਨੇ ਘਰਾਂ ਦਾ ਸਮਾਨ ਕੱਢ ਲਿਆ ਅਤੇ ਕਈ ਕੱਢ ਨਾ ਸਕੇ।

ਬੁਲਡੋਜ਼ਰ ਚੱਲੇ ਤੇ ਦਹਾਕਿਆਂ ਤੋਂ ਵੱਸਦੇ ਘਰ ਢਾਹ ਦਿੱਤੇ ਗਏ। ਕਾਨੂੰਨ ਤੇ ਸੱਤਾ ਨੂੰ ਸਫ਼ਲਤਾ ਮਿਲੀ ਅਤੇ ਮਨੁੱਖਤਾ ਹਾਰ ਗਈ। ਕੋਈ ਪਰਿਵਾਰ ਕਿਰਾਏ ਦਾ ਘਰ ਲੱਭ ਰਿਹਾ ਹੈ, ਕੋਈ ਪਸ਼ੂਆਂ ਲਈ ਛੱਤੇ ਢਾਰੇ ਵਿਚ ਬੈਠਾ ਹੈ ਅਤੇ ਕੋਈ ਨੰਗੇ ਅਸਮਾਨ ਹੇਠਾਂ। ਔਰਤਾਂ ਰੋ ਪਿੱਟ ਰਹੀਆਂ ਹਨ ਤੇ ਮਰਦ ਉਦਾਸ ਹਨ। ਬੱਚਿਆਂ ਦੇ ਇਮਤਿਹਾਨ ਸਿਰ ’ਤੇ ਹਨ; ਜਿਸ ਮਾਨਸਿਕ ਤਣਾਓ ’ਚੋਂ ਉਹ ਗੁਜ਼ਰ ਰਹੇ ਹੋਣਗੇ, ਉਸ ਦਾ ਅੰਦਾਜ਼ਾ ਲਗਾਉਣਾ ਮੁਸ਼ਕਿਲ ਹੈ।

ਕਾਨੂੰਨ, ਵਿਕਾਸ, ਮੁੜ-ਵਸੇਬਾ, ਇਮਾਰਤਸਾਜ਼ੀ ਤੇ ਸ਼ਹਿਰੀਕਰਨ ਦੇ ਖੇਤਰਾਂ ਦੇ ਮਾਹਿਰਾਂ ਦੀਆਂ ਅੱਖਾਂ ਲਿਸ਼ਕਦੀਆਂ ਹਨ; ਉਹ ਦੱਸਦੇ ਹਨ ਕਿ ਕਿਵੇਂ ਕਰੋੜਾਂ ਰੁਪਏ ਦੀ ਜ਼ਮੀਨ, ਜਿਸ ’ਤੇ ਉਨ੍ਹਾਂ ਅਨੁਸਾਰ ਗ਼ੈਰ-ਕਾਨੂੰਨੀ ਕਬਜ਼ਾ ਸੀ, ਹਟਾ ਦਿੱਤਾ ਗਿਆ ਹੈ।

ਹੁਣ ਇਸ ਥਾਂ ਦਾ ‘ਵਿਕਾਸ’ ਹੋਵੇਗਾ। ਇਹ ਮਾਹਿਰ ਕਦੇ ਵੀ ਇਹ ਨਹੀਂ ਸੋਚਦੇ ਕਿ ਉਨ੍ਹਾਂ ਨੇ ਕਿੰਨੇ ਪਰਿਵਾਰਾਂ ਦੀ ਸਮਾਜਿਕ ਅਤੇ ਆਰਥਿਕ ਜੀਵਨ ਜਾਚ ਨੂੰ ਤਬਾਹ ਕਰ ਦਿੱਤਾ। ਉਜਾੜੇ ਗਏ ਲੋਕਾਂ ਨੂੰ ਫਲੈਟ ਦੇਣ ਦੇ ਵਾਅਦੇ ਇਸ ਉਜਾੜੇ ਨਾਲ ਹੋਈ ਸਮਾਜਿਕ ਤਬਾਹੀ ਦੀ ਭਰਪਾਈ ਨਹੀਂ ਕਰ ਸਕਦੇ। ਸਿਆਸਤਦਾਨ, ਅਧਿਕਾਰੀ, ਵਪਾਰੀ, ਸਨਅਤਕਾਰ ਤੇ ਮਾਹਿਰ ਸਾਨੂੰ ਦੱਸਦੇ ਰਹਿਣਗੇ ਕਿ ਉਨ੍ਹਾਂ ਨੇ ਸਭ ਕੁਝ ਸਹੀ ਕੀਤਾ ਤੇ ਅਸੀਂ ਮੰਨ ਵੀ ਜਾਵਾਂਗੇ; ਦੂਸਰੇ ਪਾਸੇ ਉਜਾੜੇ ਗਏ ਲੋਕ ਇਕ ਉਜੜੇ ਹੋਏ ਵਰਤਮਾਨ ਤੇ ਭਵਿੱਖ ਦਾ ਸਾਹਮਣਾ ਕਰ ਰਹੇ ਹਨ; ਉਨ੍ਹਾਂ ਦਾ ਦੁੱਖ ਵੰਡਾਉਣਾ ਮੁਸ਼ਕਿਲ ਹੈ। ਨੈਤਿਕਤਾ ਮੰਗ ਕਰਦੀ ਹੈ ਕਿ ਇਸ ਕੇਸ ਵਿਚ ਇੰਪਰੂਵਮੈਂਟ ਟਰੱਸਟ ਇਹ ਜਵਾਬ ਦੇਵੇ ਕਿ ਉਸ ਨੇ 1947 ਤੋਂ ਵੱਸਦੇ ਲੋਕਾਂ ਦੇ ਹੱਕਾਂ ਨੂੰ ਮਾਨਤਾ ਕਿਉਂ ਨਹੀਂ ਦਿੱਤੀ। (ਧੰਨਵਾਦ: ਹਰਪ੍ਰੀਤ ਸਿੰਘ ਕਾਹਲੋਂ, ਹਰਮੇਸ਼ ਮਾਲ੍ਹੜੀ)


**ਲੇਖਕ ਸਵਰਰਾਜਵੀਰ ਸਿੰਘ ਪੰਜਾਬੀ ਟ੍ਰਿਬਿਊਨ ਦੇ ਮੁੱਖ ਸੰਪਾਦਕ ਹਨ**

**ਬੁਲਡੋਜ਼ਰ ਚੱਲੇ ਤੇ ਦਹਾਕਿਆਂ ਤੋਂ ਵੱਸਦੇ ਘਰ ਢਾਹ ਦਿੱਤੇ ਗਏ। ਕਾਨੂੰਨ ਤੇ ਸੱਤਾ ਨੂੰ ਸਫ਼ਲਤਾ ਮਿਲੀ ਅਤੇ ਮਨੁੱਖਤਾ ਹਾਰ ਗਈ। ਕੋਈ ਪਰਿਵਾਰ ਕਿਰਾਏ ਦਾ ਘਰ ਲੱਭ ਰਿਹਾ ਹੈ, ਕੋਈ ਪਸ਼ੂਆਂ ਲਈ ਛੱਤੇ ਢਾਰੇ ਵਿਚ ਬੈਠਾ ਹੈ ਅਤੇ ਕੋਈ ਨੰਗੇ ਅਸਮਾਨ ਹੇਠਾਂ। ਔਰਤਾਂ ਰੋ ਪਿੱਟ ਰਹੀਆਂ ਹਨ ਤੇ ਮਰਦ ਉਦਾਸ ਹਨ। ਬੱਚਿਆਂ ਦੇ ਇਮਤਿਹਾਨ ਸਿਰ ’ਤੇ ਹਨ; ਜਿਸ ਮਾਨਸਿਕ ਤਣਾਓ ’ਚੋਂ ਉਹ ਗੁਜ਼ਰ ਰਹੇ ਹੋਣਗੇ, ਉਸ ਦਾ ਅੰਦਾਜ਼ਾ ਲਗਾਉਣਾ ਮੁਸ਼ਕਿਲ ਹੈ।**

# 'ਖਿਦਰਾਣਾ ਕਰ ਮੁਕਤਸਰ ਮੁਕਤ ਮੁਕਤ ਸਭ ਕੀਨ'

(ਗੁਰ ਬਿਲਾਸ ਪਾਤਸ਼ਾਹੀ 10)

**ਗੁਰਸੇਵਕ ਸਿੰਘ ਪ੍ਰੀਤ**



ਵੈਸਾਖ ਸੰਮਤ 1762 ਸਰਹਿੰਦ ਦੇ ਸੂਬਾ ਵਜ਼ੀਰ ਖਾਂ ਜਦ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਤਾਕੁਬ ਕਰਦਾ ਮਾਲਵੇ ਆਇਆ, ਤਦ ਸਿੰਘਾਂ ਨੇ ਇਸ ਤਾਲ 'ਤੇ ਕਬਜ਼ੇ ਕਰਕੇ ਵੈਰੀ ਦਾ ਮੁਕਾਬਲਾ ਕੀਤਾ। ਸਭ ਤੋਂ ਪਹਿਲਾਂ ਮਾਈ ਭਾਗੋ ਅਰ ਉਸ ਦੇ ਸਾਥੀ ਸਿੰਘਾਂ ਦਾ ਸ਼ਾਹੀ ਫੌਜ ਨਾਲ ਟਾਕਰਾ ਹੋਇਆ ਅਰ ਵੱਡੀ ਵੀਰਤਾ ਨਾਲ ਸ਼ਹੀਦੀ ਪਾਈ। ਭਾਈ ਮਹਾਂ ਸਿੰਘ ਦਸਮੇਸ਼ ਤੋਂ ਬੇਦਾਵਾ ਪੱਤ੍ਰ ਚਾਰ ਕਰਵਾ ਕੇ ਇਥੇ ਟੁੱਟੀ ਸਿੱਖੀ ਗੰਢੀ ਹੈ। ਕਲਗੀਧਰ ਨੇ ਸ਼ਹੀਦ ਸਿੰਘਾਂ ਨੂੰ ਮੁਕਤ ਪਦਵੀ ਬਖਸ਼ ਕੇ ਤਾਲ ਦਾ ਨਾਮ 'ਮੁਕਤਸਰ' ਰੱਖਿਆ ਅਰ ਆਪਣੇ ਹੱਥੀਂ ਸ਼ਹੀਦਾਂ ਦੇ ਦੇਹ ਸਸਕਾਰੇ। ਸ਼ਹੀਦਗੰਜ ਤਾਲ ਦੇ ਕਿਨਾਰੇ ਵਿਦਯਮਾਨ ਹੈ।"

### ਮਹਾਨ ਕੋਸ਼ ਦੇ ਰਚਾਇਤਾ ਭਾਈ ਕਾਹਨ ਸਿੰਘ ਨਾਭਾ ਅਨੁਸਾਰ ਚਾਲੀ ਮੁਕਤਿਆਂ ਦੇ ਨਾਮ ਇਸ ਪ੍ਰਕਾਰ ਹਨ:

| | |
|---|---|
| ਸਮੀਰ ਸਿੰਘ | ਜਾਦੋ ਸਿੰਘ |
| ਸਰਜਾ ਸਿੰਘ | ਜੱਗਾ ਸਿੰਘ |
| ਸਾਧੂ ਸਿੰਘ | ਜੰਗ ਸਿੰਘ |
| ਸੁਹੇਲ ਸਿੰਘ | ਦਿਆਲ ਸਿੰਘ |
| ਸੁਲਤਾਨ ਸਿੰਘ | ਦਰਬਾਰਾ ਸਿੰਘ |
| ਸੋਭਾ ਸਿੰਘ | ਦਿਲਬਾਗ ਸਿੰਘ |
| ਸੰਤ ਸਿੰਘ | ਧਰਮ ਸਿੰਘ |
| ਹਰਸਾ ਸਿੰਘ | ਧੰਨਾ ਸਿੰਘ |
| ਹਰੀ ਸਿੰਘ | ਨਿਹਾਲ ਸਿੰਘ |
| ਕਰਨ ਸਿੰਘ | ਨਿਧਾਨ ਸਿੰਘ |
| ਕਰਮ ਸਿੰਘ | ਬੂੜ ਸਿੰਘ |
| ਕਾਲਾ ਸਿੰਘ | ਭਾਗ ਸਿੰਘ |
| ਕੀਰਤਿ ਸਿੰਘ | ਭੋਲਾ ਸਿੰਘ |
| ਕਿਰਪਾਲ ਸਿੰਘ | ਭੰਗਾ ਸਿੰਘ |
| ਖੁਸ਼ਾਲ ਸਿੰਘ | ਮਹਾਂ ਸਿੰਘ |
| ਗੁਲਾਬ ਸਿੰਘ | ਮੱਜਾ ਸਿੰਘ |
| ਗੰਗਾ ਸਿੰਘ | ਮਾਨ ਸਿੰਘ |
| ਗੰਡਾ ਸਿੰਘ | ਮੈਯਾ ਸਿੰਘ |
| ਘਰਬਾਰਾ ਸਿੰਘ | ਰਾਇ ਸਿੰਘ |
| ਚੰਬਾ ਸਿੰਘ | ਲਛਮਣ ਸਿੰਘ |

# ਕੀੜੀ ਦਾ ਆਟਾ



**ਦਰਸ਼ਨ ਸਿੰਘ**

ਬਹੁਤ ਵਾਰ ਜੀਵ-ਜੰਤੂਆਂ ਬਾਰੇ ਪੜ੍ਹਿਆ ਹੈ, ਸੁਣਿਆ ਵੀ। ਰਾਤ ਨੂੰ ਤਾਰਿਆਂ ਭਰੇ ਅੰਬਰ ਨੂੰ ਅੱਖਾਂ 'ਚ ਉਤਾਰਿਆ ਹੈ। ਮੱਸਿਆ ਦੇ ਨ੍ਹੇਰਿਆਂ ਨਾਲ ਗੱਲਾਂ ਕੀਤੀਆਂ ਹਨ, ਪੁੰਨਿਆ ਦੇ ਚਾਨਣ ਵੀ ਮਾਣੇ ਹਨ। ਨੇੜੇ-ਤੇੜੇ ਖੜ੍ਹੇ ਰੁੱਖਾਂ ਦੀ ਹਰਿਆਵਲ 'ਚ ਚਹਿਕਦੇ ਪੰਛੀਆਂ ਵਿਚ ਵੀ ਮੇਰੀ ਦਿਲਚਸਪੀ ਰਹੀ। ਹੋ ਰਹੀ ਕਿਣਮਿਣ ਨੇ ਵੀ ਕਈ ਵਾਰ ਆਨੰਦਿਤ ਕੀਤਾ। ਕੁਦਰਤ ਨੂੰ ਮਾਣਦਿਆਂ ਆਸੇ-ਪਾਸੇ ਦੀ ਨੱਠ-ਭੱਜ ਤੇ ਰੌਲੇ-ਰੱਪੇ ਕਈ ਵਾਰ ਧਿਆਨ ਵਿਚ ਹੀ ਨਾ ਆਏ।

ਪਤਾ ਇਹ ਵੀ ਲੱਗਿਆ ਕਿ ਜੀਵਾਂ 'ਚ ਵੀ ਖੇੜੇ-ਖ਼ੁਸ਼ੀਆਂ, ਉਦਾਸੀਆਂ, ਗ਼ਮ ਤੇ ਗੁੱਸਾ ਆਦਿ ਸਭ ਹੁੰਦੇ ਹਨ। ਲੜਦਾ, ਝਗੜਦਾ ਤੇ ਕਦੀ ਕਲੋਲਾਂ ਕਰਦਾ ਸੁਭਾਅ ਵੀ ਨਜ਼ਰ ਆਉਂਦਾ ਹੈ। ਨਿੱਕੇ ਹੁੰਦੇ ਪੜ੍ਹੀ ਤ੍ਰਿਹਾਏ ਕਾਂ ਦੀ ਕਹਾਣੀ 'ਚ ਝਲਕਦੀ ਉਸ ਦੀ ਸਿਆਣਪ ਹੁਣ ਵੀ ਯਾਦ ਹੈ। ਜੀਵ ਜੰਗਲਾਂ ਦੇ ਰਾਜੇ ਵੀ ਹਨ, ਅਸਮਾਨਾਂ ਦੇ ਜੇਤੂ ਵੀ।

ਥੋੜ੍ਹੇ ਕੁ ਦਿਨ ਹੋਏ ਧੁੱਪੇ ਬੈਠਾ ਸੀ। ਠੰਢਕ ਭਰੀ ਹਵਾ ਸੀ, ਕੋਸੀ ਕੋਸੀ ਧੁੱਪ ਦਾ ਅਨੂਠਾ ਜਿਹਾ ਸਰੂਰ ਵੀ। ਨਿਗ੍ਹਾ ਦੂਰੋਂ ਆਉਂਦੀ ਕੀੜੀ 'ਤੇ ਜਾ ਪਈ। ਪਤਾ ਨਹੀਂ ਕਿੱਥੋਂ ਚਲ ਕੇ ਆ ਰਹੀ ਸੀ ਤੇ ਕਿੱਥੇ ਇਸ ਨੇ ਜਾਣਾ ਸੀ। ਮੂੰਹ 'ਚ ਲਿਆ ਦਾਣਾ ਮੈਨੂੰ ਉਸ ਦੇ ਭਾਰ ਤੋਂ ਭਾਰਾ ਜਾਪਿਆ। ਉਂਝ ਕਿਹਾ ਜਾਂਦਾ ਕਿ ਕੀੜੀ ਆਪਣੇ ਭਾਰ ਤੋਂ ਵੀਹ-ਤੀਹ ਗੁਣਾ ਵੱਧ ਵਜ਼ਨ ਚੁੱਕ ਸਕਦੀ ਹੈ। ਹੌਲੀ ਹੌਲੀ ਉਹ ਮੇਰੇ ਵੱਲ ਸਿੱਧੀ ਆ ਰਹੀ ਸੀ।

ਮੇਰੇ ਪੈਰਾਂ ਕੋਲ ਪਹੁੰਚਦਿਆਂ ਹੀ ਉਸ ਨੇ ਮੋੜ ਕੱਟਿਆ ਤੇ ਤੁਰਦੀ ਰਹੀ। ਥੋੜ੍ਹਾ ਜਿਹਾ ਫ਼ਾਸਲਾ ਉਸ ਨੇ ਹੋਰ ਤੈਅ ਕੀਤਾ। ਪਲ ਕੁ ਲਈ ਉਹ ਰੁਕੀ। ਦਾਣਾ ਉੱਥੇ ਰੱਖਿਆ। ਥੋੜ੍ਹਾ ਅੱਗੇ ਜਾਵੇ, ਫਿਰ ਮੁੜ ਆਵੇ। ਦਿਮਾਗ਼ ਵਿਚ ਉਸ ਦੇ ਪਤਾ ਨਹੀਂ ਕੀ ਚਲ ਰਿਹਾ ਸੀ? ਸੋਚੀਂ ਪਿਆ ਮੈਂ ਉਸ ਨੂੰ ਤੱਕਦਾ ਰਿਹਾ। ਸ਼ਾਇਦ ਥੱਕ ਗਈ ਹੋਵੇ ਜਾਂ ਹਿੰਮਤ ਹਾਰ ਗਈ ਹੋਵੇ। ਨਿੱਕੀ ਜਿਹੀ ਤਾਂ ਹੈ! ਸੋਚਾਂ ਮੈਨੂੰ ਕਈ ਆਈਆਂ।

ਸੋਚਦਾ ਸਾਂ, ਸਾਹ ਤਾਂ ਸਭ ਲੈਂਦੇ ਹਨ ਪਰ ਜ਼ਿੰਦਗੀ ਸਭ ਦੀ ਇਕੋ ਜਿਹੀ ਨਹੀਂ ਹੁੰਦੀ। ਕੋਈ ਕੱਲ੍ਹ-ਭਲਕ ਦੇ ਫ਼ਿਕਰ ਵਿਚ ਡੁੱਬਾ ਹੈ, ਕਿਸੇ ਕੋਲੋਂ ਆਪਣਾ ਅੱਜ ਵੀ ਨਹੀਂ ਸੰਭਾਲਿਆ ਜਾ ਰਿਹਾ। ਕੋਈ ਉਮਰ ਭਰ ਲਈ ਚੋਗਾ ਇਕੱਠਾ ਕਰਨ ਦੀ ਦੌੜ-ਭੱਜ 'ਚ ਹੈ, ਕਿਸੇ ਲਈ ਇਕ ਦਾਣਾ ਹੀ ਕਾਫ਼ੀ ਹੈ। 'ਜਿਸ ਦੀ ਕੋਠੀ ਦਾਣੇ, ਉਸ ਦੇ ਕਮਲੇ ਵੀ ਸਿਆਣੇ'। ਇਹ ਦਾਣਾ ਫਿਰ ਕਿਉਂ ਛੱਡ ਗਈ? ਮੈਨੂੰ ਪਤਾ ਨਹੀਂ ਸੀ ਕਿ ਇਹ ਦਾਣਾ ਉਸ ਨੇ ਕਿੱਥੇ ਰੱਖਣਾ ਸੀ। ਦਸ-ਪੰਦਰਾਂ ਮਿੰਟ ਮੈਂ ਉੱਥੇ ਬੈਠਾ ਰਿਹਾ। ਹੋਰ ਕੀੜੀਆਂ ਵੀ ਆਸੇ-ਪਾਸੇ ਘੁੰਮ ਰਹੀਆਂ ਸਨ। ਕੁਝ ਦਾਣੇ ਕੋਲ ਆਉਂਦੀਆਂ, ਰੁਕਦੀਆਂ, ਛੋਂਹਦੀਆਂ ਤੇ ਚਲੀਆਂ ਜਾਂਦੀਆਂ।

ਦਾਣਾ ਉੱਥੇ ਦਾ ਉੱਥੇ ਹੀ ਪਿਆ ਸੀ। ਮੇਰੀ ਤੱਕਣੀ ਇਧਰ-ਉਧਰ ਘੁੰਮਦੀ ਉਸ ਕੀੜੀ 'ਤੇ ਲਗਾਤਾਰ ਕੇਂਦਰਿਤ ਸੀ ਜੋ ਦਾਣਾ ਲੈ ਕੇ ਆਈ ਸੀ। ਹੈਰਾਨੀ ਉਸ ਵੇਲੇ ਹੋਈ ਜਦੋਂ ਉਸ ਕੀੜੀ ਨਾਲ ਇਕ ਹੋਰ ਕੀੜੀ ਨੂੰ ਵਾਪਸ ਦਾਣੇ ਵੱਲ ਆਉਂਦੇ ਦੇਖਿਆ। ਕਿਹੜੀ ਗੱਲ ਕਿਸ ਬੋਲੀ ਵਿਚ ਉਸ ਨੇ ਉਸ ਨੂੰ ਸਮਝਾਈ ਹੋਵੇਗੀ, ਸੋਚਣ ਲੱਗਾ। ਵਿਗਿਆਨਕ ਤੱਥ ਵੀ ਹਨ ਕਿ ਕੀੜੀਆਂ ਵਿਚ ਵੀ ਆਪਸੀ ਸੰਚਾਰ ਜਾਂ ਸੰਪਰਕ ਕਰਨ ਦੀ ਸਮਰੱਥਾ ਹੈ।

ਥੋੜ੍ਹਾ ਵੱਡੀ ਜਾਪਦੀ ਉਸ ਨਾਲ ਆਈ ਕੀੜੀ ਨੇ ਦਾਣੇ ਨੂੰ ਆਪਣੇ ਮੂੰਹ 'ਚ ਲਿਆ ਤੇ ਫਿਰ ਦੋਵੇਂ ਤੁਰ ਪਈਆਂ। ਛੋਟੀ ਕੀੜੀ ਉਸ ਦੇ ਨਾਲ ਨਾਲ ਤੁਰ ਰਹੀ ਸੀ। ਥੋੜ੍ਹੀ ਦੂਰ ਕੰਧ ਨੇੜੇ ਸੁਰਾਖ ਕੋਲ ਦਾਣਾ ਰੱਖ ਕੇ ਉਹ ਕਿਸੇ ਹੋਰ ਪਾਸੇ ਚਲੀ ਗਈ ਤੇ ਦੂਜੀ ਕੀੜੀ ਉਸ ਦਾਣੇ ਨੂੰ ਅੰਦਰ ਲੈ ਗਈ। ਇਹ ਦ੍ਰਿਸ਼ ਮੇਰੇ ਲਈ ਬਹੁਤ ਕੁਝ ਸੋਚਣ ਸਮਝਣ ਲਈ ਆਪਣੇ ਪਿੱਛੇ ਛੱਡ ਗਿਆ। ਨਿੱਘੀ ਧੁੱਪ ਨੇ ਜਿਵੇਂ ਮੇਰੀਆਂ ਸੋਚਾਂ ਨੂੰ ਵੀ ਨਿੱਘਾ ਕਰ ਦਿੱਤਾ ਹੋਵੇ।

'ਕੀੜੀ ਦਾ ਆਟਾ ਡੁੱਲ੍ਹ ਗਿਆ' ਬਚਪਨ 'ਚ ਸੁਣੀ ਕਹਾਣੀ ਦੇ ਅਰਥ ਮੈਂ ਸਮਝਣ ਲੱਗਾ। 'ਕੀੜੀ ਘਰ ਨਾਰਾਇਣ ਆਏ' ਵੀ ਪੜ੍ਹਿਆ ਸੀ। ਇਹੋ ਜਿਹੇ ਅਖਾਣ-ਮੁਹਾਵਰਿਆਂ ਰਾਹੀਂ ਕੀੜੀਆਂ ਸਦਾ ਗਰੀਬੜੇ ਜਿਹੇ ਜੀਵ ਜਾਪੇ। ਸੋਚਦੇ ਸਮਝਦੇ ਮੈਨੂੰ ਜਾਪਿਆ ਕਿ ਜ਼ਿੰਦਗੀ ਦੀਆਂ ਲੋੜਾਂ ਤਾਂ ਸਭ ਦੀਆਂ ਹੁੰਦੀਆਂ ਹਨ ਪਰ ਇਸ ਦੇ ਕੋਲੋਂ ਲੰਘਦੀਆਂ ਹੋਰ ਕੀੜੀਆਂ ਇਸ ਦਾਣੇ ਨੂੰ ਚੁੱਕ ਕੇ ਆਪਣੇ ਲਈ ਕਿਉਂ ਨਹੀਂ ਲੈ ਗਈਆਂ?

ਸਵਾਲ ਮੇਰੇ ਅੰਦਰ ਘੁੰਮਣ ਲੱਗਾ। ਮੈਨੂੰ ਇਹੋ ਜਾਪਿਆ ਕਿ ਸ਼ਾਇਦ ਉਨ੍ਹਾਂ ਨੂੰ ਇਸ ਗੱਲ ਦੀ ਪੂਰੀ ਸੋਝੀ ਹੋਵੇ ਕਿ 'ਪਰਾਏ ਹੱਕ' ਜਾਂ ਕਿਸੇ ਹੋਰ ਦੀ ਮਿਹਨਤ ਦੇ ਫ਼ਲ ਉੱਤੇ ਉਨ੍ਹਾਂ ਦਾ ਕੋਈ ਹੱਕ ਨਹੀਂ ਸੀ। ਇਹ ਵੀ ਜਾਪਿਆ ਕਿ 'ਨਿੱਕੀਆਂ' ਜਾਪਦੀਆਂ ਕੀੜੀਆਂ ਵਿਚ ਇਹ 'ਵੱਡੀ ਸਮਝ' ਸੀ ਕਿ ਲੋੜ ਪੈਣ ਜਾਂ ਔਖ ਵੇਲੇ ਇਕ ਦੂਜੇ ਨਾਲ ਕਿਵੇਂ ਖੜ੍ਹਨਾ ਹੈ। ਇਸ ਪੱਖੋਂ ਉਨ੍ਹਾਂ ਦੀ ਸੋਚ ਬੜੀ ਅਮੀਰ ਜਾਪੀ।

ਜਿਵੇਂ ਕੀੜੀਆਂ ਚੁੱਪ-ਚੁਪੀਤੇ ਮੈਨੂੰ ਜ਼ਿੰਦਗੀ ਭਰ ਲਈ ਕੋਈ ਸਬਕ ਦੇ ਗਈਆਂ ਹੋਣ। ਕੁਦਰਤ ਵਿਚ ਕਈ ਵਰਤਾਰੇ ਨਿੱਤ ਵਾਪਰਦੇ ਹਨ ਪਰ ਸ਼ਾਇਦ ਇਨ੍ਹਾਂ ਪ੍ਰਤੀ ਅਸੀਂ ਸੰਵੇਦਨਸ਼ੀਲ ਨਹੀਂ ਹਾਂ। ਪੁੰਗਰਦੇ ਬੀਜ ਵਿਚ ਵੀ ਕੋਈ ਕਵਿਤਾ ਪਈ ਹੈ, ਖਿੜਦੀਆਂ ਪੱਤੀਆਂ ਵਿਚ ਕੋਈ ਕਹਾਣੀ ਤੇ ਸਾਡੇ ਆਸੇ-ਪਾਸੇ ਤੁਰਦੀਆਂ ਬੇਹੱਦ ਨਿੱਕੀਆਂ ਨਿੱਕੀਆਂ ਕੀੜੀਆਂ ਵਿਚ ਮਿਹਨਤ ਅਤੇ ਸਹਿਯੋਗ ਕਰਨ ਵਰਗੇ ਕਈ ਵਡਮੁੱਲੇ ਸਬਕ...।

ਮਨ ਨੂੰ ਉਨ੍ਹਾਂ ਦੀ ਆਪਸੀ ਸਹਿਯੋਗ ਦੀ ਭਾਵਨਾ ਭਰਿਆ ਅਹਿਸਾਸ ਹੁਣ ਵੀ ਕਈ ਵਾਰ ਟੁੰਬਦਾ ਹੈ।

... ਤੇ ਸੋਚਦਾ ਹਾਂ ਕਿ ਮਾਨਵੀ ਰਿਸ਼ਤਿਆਂ ਦੀ ਅਮੀਰੀ ਤੇ ਸੁਹੱਪਣ ਇਸੇ ਸੁਖਦਾਈ ਭਾਵਨਾ ਨੂੰ ਆਪਣੇ ਅੰਦਰ ਵਸਾ ਲੈਣ ਨਾਲ ਹੀ ਸੰਭਵ ਹੈ।

# Delhi High Court confirms Sikh right to wear Kirpan in domestic flights

**A division bench of Chief Justice Satish Chandra Sharma and Justice Subramonium Prasad opined that the "decision of giving exemption for carrying kirpan to Sikh passengers...has been arrived at by the Government after due deliberations.**




Dismissing a plea challenging the Centre's notification allowing Sikh passengers to carry a kirpan on their person while on domestic flights, the Delhi High Court Thursday said that the notification was issued after "due deliberations" and that issue agitated in the plea is "entirely a matter of policy decision".

After examining the March notification issued by the Ministry of Civil Aviation which exempted Sikhs from carrying a kirpan, and in view of the explanation on Article 25 (freedom of religion) of the Constitution, a division bench of Chief Justice Satish Chandra Sharma and Justice Subramonium Prasad opined that the "decision of giving exemption for carrying kirpan to Sikh passengers…has been arrived at by the Government after due deliberations. The issue involved in the instant PIL is entirely a matter of policy decision".

On Article 25 of the Constitution, the HC said it gives "every person the right to freedom of conscience and the right to freely profess, practice, and propagate religion subject to public order, morality, and health". It was noted that the explanation to the Article specifically clarified that "wearing and carrying of kirpans shall be deemed to be included in the profession of the Sikh religion". The HC said, "It is well settled that courts while exercising jurisdiction under Article 226 of the Constitution, do not sit as an appellate authority over policy decisions. It is also well settled that the scope of interference in the matter of policy decisions is extremely limited and that courts must restrain from interfering in the matter of policy decisions unless there is a categorical infringement of fundamental rights".



**On Article 25 of the Constitution, the HC said it gives "every person the right to freedom of conscience and the right to freely profess, practice, and propagate religion subject to public order, morality, and health".**

The HC emphasised that the Supreme Court has warned time and again that courts must resist the "temptation to usurp the power of the executive by entering into arenas which are exclusively within the domain of the executive" and that courts should not interfere in the "day-to-day functioning" of the government departments or statutory bodies.

The HC examined an April 2005 circular of the Bureau of Civil Aviation which permitted the carrying of kirpan by Sikh travellers while travelling by air within India on the conditions that the length of the blade does not exceed 15.24 cm (6 inches) and the total length of a kirpan should not be more than 22.86 cm (9 inches). The circular further restricted the carrying of the kirpan only to travelling on India aircraft within India. The circular was adopted into the notification under challenge.

The HC further examined the reply filed by the Director General, Bureau of Civil Aviation Security, to the plea and said that the reply shows that adequate precautionary and security measures are being taken by the Centre to ensure the safety of passengers, crew, aircraft, ground personnel and the general public. "This court is, therefore, not inclined to entertain the instant PIL," the HC said.

Apart from challenging the notification, the petitioner had sought the constitution of an "Empowered Working Committee" (EWC) to come up with a workable solution to ensure that the "sanctity of religious expression of the carriage of kirpans on the person in public places is suitably protected by carriage of an appropriately designed and crafted kirpans". The petitioner, a lawyer, had sought that the measurement of the kirpan should not be more than 4 cm in blade length and similar hilt to disable a firm hand grip and should not have any sharp edges.

**Courtesy: indianexpress.com**

# A TAXI DRIVER IN MUMBAI



"I came to Bombay in 1962 and started driving a taxi in 1964. My older brother and I lived in the same house and we raised our families together. He passed away in a car accident suddenly in 1975 and all of a sudden I was the head of the family with 10 people to support.

I educated his children like mine, gave them the same pocket money and took care of them like my own and all my income was because of this taxi here.

As all the children grew older, they took up part time jobs and eventually went on to get amazing job offers. My son is an MBA graduate who lives in London, my daughter has married in Canada and 4 of my brother's children are in Canada as well. My son was dating a girl from London, so when he told me that she's visiting us here in Bombay I was worried that she might not want to marry a taxi driver's son. When she came here and met our family, she said that she had never felt so loved before.

They got married soon after and she often calls me and tells me to come to live with them in London. I've picked up some English from her, so I tell her - 'save your money - I'm working here very happily.' I also ask her if she'll get such good Sarso da






Saag in London - to which she says she's learning how to cook! My son even tells me, 'Baba, it's our turn to give you pocket money now' but I laugh it off.

My life has been very simple. I'm 75 and still working because I believe that man should work as long as he can -- what good are your days of sitting around? A lot of people ask me to go to London or Canada and live with my children, but I feel wrong to do that. I have never accepted a free meal and I like to be Independent. Of course I visit my children, but my home is India. How can I leave this taxi and Bombay when they have given me so much?

**From the facebook post of Gurpreet Singh Mumbai**

**I educated his children like mine, gave them the same pocket money and took care of them like my own and all my income was because of this taxi here.**

**As all the children grew older, they took up part time jobs and eventually went on to get amazing job offers. My son is an MBA graduate who lives in London, my daughter has married in Canada and 4 of my brother's children are in Canada as well.**

# ਗੁਰੂ ਸਾਹਿਬ ਦਾ ਪਟਨਾ ਵਿਖੇ ਪ੍ਰਕਾਸ਼ ਹੋਣਾ ਬਿਹਾਰ ਵਾਸੀਆਂ ਲਈ ਮਾਣ ਵਾਲੀ ਗੱਲ-ਨਿਤਿਸ਼ ਕੁਮਾਰ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 356ਵਾਂ ਪ੍ਰਕਾਸ਼ ਪੁਰਬ ਗੁਰੂ ਸਾਹਿਬ ਦੇ ਪ੍ਰਕਾਸ਼ ਅਸਥਾਨ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਅਥਾਹ ਸ਼ਰਧਾ ਤੇ ਉਤਸ਼ਾਹ ਸਹਿਤ ਮਨਾਇਆ ਗਿਆ। ਇਸ ਮੌਕੇ ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਸਮੇਤ ਵੱਡੀ ਗਿਣਤੀ 'ਚ ਦੇਸ਼-ਵਿਦੇਸ਼ ਤੋਂ ਸੰਗਤਾਂ ਪੁੱਜੀਆਂ। ਤਖ਼ਤ ਸਾਹਿਬ ਵਿਖੇ ਸਵੇਰ ਤੋਂ ਲੈ ਕੇ ਦੇਰ ਰਾਤ ਤੱਕ ਗੁਰਮਤਿ ਦੀਵਾਨ ਸਜਾਏ ਗਏ, ਜਿਨ੍ਹਾਂ ਦੀ ਸਮਾਪਤੀ ਅੰਮ੍ਰਿਤ ਵੇਲੇ ਢਾਈ ਵਜੇ ਹੋਈ।

ਇਸ ਮੌਕੇ ਸੰਗਤਾਂ ਨੇ ਬੋਲੇ ਸੋ ਨਿਹਾਲ ਦੇ ਜੈਕਾਰੇ ਬੁਲਾ ਕੇ ਖ਼ੁਸ਼ੀ ਦਾ ਇਜ਼ਹਾਰ ਕੀਤਾ। ਦੀਵਾਨ ਹਾਲ ਵਿਖੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਨੇ ਕਿਹਾ ਕਿ ਬਿਹਾਰ ਵਾਸੀਆਂ ਲਈ ਅਥਾਹ ਖ਼ੁਸ਼ੀ ਤੇ ਮਾਣ ਦੀ ਗੱਲ ਹੈ ਕਿ



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਟਨਾ ਵਿਖੇ ਪ੍ਰਕਾਸ਼ ਧਾਰਿਆ। ਉਨ੍ਹਾਂ ਕਿਹਾ ਕਿ ਬਿਹਾਰ ਦੀ ਪਾਵਨ ਧਰਤੀ 2017 ਤੋਂ ਹੀ ਗੁਰੂ ਸਾਹਿਬ ਦਾ ਪ੍ਰਕਾਸ਼ ਪੁਰਬ ਵੱਡੀ ਪੱਧਰ 'ਤੇ ਮਨਾਉਂਦੀ ਆ ਰਹੀ ਹੈ ਪਰ ਕੋਰੋਨਾ ਕਾਲ ਦੌਰਾਨ ਕੁਝ ਸਮਾਂ ਇਹ ਵੱਡੇ ਪੱਧਰ 'ਤੇ ਨਹੀਂ ਸੀ ਮਨਾਇਆ ਜਾ ਸਕਿਆ ਪਰ ਇਸ ਸਾਲ ਮੁੜ ਤੋਂ ਇਹ ਪੁਰਬ ਵੱਡੇ ਪੱਧਰ 'ਤੇ ਮਨਾਉਂਦਿਆਂ ਖ਼ੁਸ਼ੀ ਮਹਿਸੂਸ ਹੋ ਰਹੀ ਹੈ। ਇਸ ਮੌਕੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਵੀ ਸੰਗਤਾਂ ਨੂੰ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਗੁਰੂ ਸਾਹਿਬ ਦੀਆਂ ਸਿੱਖਿਆਵਾਂ 'ਤੇ ਚਲਣ ਦੀ ਪ੍ਰੇਰਨਾ ਦਿੱਤੀ।

ਤਖ਼ਤ ਸਾਹਿਬ ਦੀ ਪ੍ਰਬੰਧਕ ਕਮੇਟੀ ਵਲੋਂ ਮੁੱਖ ਮੰਤਰੀ ਬਿਹਾਰ ਨੂੰ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਭਾਈ ਗੋਬਿੰਦ ਸਿੰਘ ਲੌਂਗੋਵਾਲ, ਪ੍ਰਬੰਧਕ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਜਗਜੋਤ ਸਿੰਘ ਸੋਹੀ, ਜਨਰਲ ਸਕੱਤਰ ਇੰਦਰਜੀਤ ਸਿੰਘ ਅਤੇ ਹੋਰਨਾ ਪ੍ਰਬੰਧਕਾਂ ਵਲੋਂ ਸਿਰੋਪਾਓ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਤਸਵੀਰ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

ਇਸੇ ਦੌਰਾਨ ਮੁੱਖ ਮੰਤਰੀ ਨਿਤਿਸ਼ ਕੁਮਾਰ ਗੁਰਦੁਆਰਾ ਬਾਲ ਲੀਲ੍ਹਾ ਸਾਹਿਬ ਮੈਣੀ ਸੰਗਤ ਵਿਖੇ ਵੀ ਉਚੇਚੇ ਤੌਰ 'ਤੇ ਪੁੱਜੇ ਅਤੇ ਸੰਤ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਦੀ ਅਗਵਾਈ 'ਚ ਕਾਰ ਸੇਵਾ ਸੰਪ੍ਰਦਾਇ ਭੂਰੀ ਵਾਲਿਆਂ ਵਲੋਂ ਸੰਗਤਾਂ ਲਈ ਰਿਹਾਇਸ਼ ਦੇ ਕੀਤੇ ਪ੍ਰਬੰਧਾਂ ਤੇ ਪਟਨਾ ਸਾਹਿਬ ਵਿਖੇ ਲਗਾਏ ਗੁਰੂ ਕੇ ਵਿਸ਼ਾਲ ਲੰਗਰਾਂ ਲਈ ਪ੍ਰਸ਼ੰਸਾ ਕੀਤੀ।

## ਜਗਜੋਤ ਸਿੰਘ ਸੋਹੀ ਬਣੇ ਤਖ਼ਤ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ (ਬਿਹਾਰ) ਦੀ ਪ੍ਰਬੰਧਕ ਕਮੇਟੀ ਦੀ ਹੋਈ ਵਿਸ਼ੇਸ਼ ਬੈਠਕ ਦੌਰਾਨ ਸੀਨੀਅਰ ਮੀਤ ਪ੍ਰਧਾਨ ਜਗਜੋਤ ਸਿੰਘ ਸੋਹੀ ਨੂੰ ਸਰਬਸੰਮਤੀ ਨਾਲ ਪ੍ਰਧਾਨ ਨਿਯੁਕਤ ਕੀਤਾ ਗਿਆ। ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਬਲਦੇਵ ਸਿੰਘ ਵਲੋਂ ਅਰਦਾਸ ਉਪਰੰਤ ਆਰੰਭ ਹੋਈ ਬੈਠਕ ਦੌਰਾਨ ਜਨਰਲ ਸਕੱਤਰ ਇੰਦਰਜੀਤ ਸਿੰਘ ਵਲੋਂ ਪ੍ਰਧਾਨ ਦੇ ਅਹੁਦੇ ਲਈ ਜਗਜੋਤ ਸਿੰਘ ਸੋਹੀ ਦਾ ਨਾਂਅ ਪੇਸ਼ ਕੀਤਾ ਗਿਆ, ਜਿਸ ਦੀ ਤਾਈਦ ਮਜੀਦ ਮੈਂਬਰਾਂ ਚਰਨਜੀਤ ਸਿੰਘ ਤੇ ਗੁਰਵਿੰਦਰ ਸਿੰਘ ਨੇ ਕੀਤੀ। ਸਰਬਸੰਮਤੀ



ਨਾਲ ਪ੍ਰਧਾਨ ਚੁਣੇ ਜਾਣ ਉਪਰੰਤ ਜਗਜੋਤ ਸਿੰਘ ਸੋਹੀ ਸਾਥੀਆਂ ਸਮੇਤ ਤਖ਼ਤ ਸ੍ਰੀ ਹਰਿਮੰਦਰ ਜੀ ਵਿਖੇ ਨਤਮਸਤਕ ਹੋਏ, ਜਿਥੇ ਉਨ੍ਹਾਂ ਨੂੰ ਸਿੰਘ ਸਾਹਿਬਾਨ ਵਲੋਂ ਸਨਮਾਨਿਤ ਕੀਤਾ ਗਿਆ। ਇਸ ਤੋਂ ਪਹਿਲਾਂ ਉਨ੍ਹਾਂ ਨੂੰ ਪ੍ਰਬੰਧਕ ਕਮੇਟੀ ਦੇ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਤੋਂ ਇਲਾਵਾ ਕਮੇਟੀ ਦੇ ਮੀਡੀਆ ਇੰਚਾਰਜ ਸੁਦੀਪ ਸਿੰਘ, ਸਿੱਖ ਗੁ: ਕਮੇਟੀ ਬਿਹਾਰ ਦੇ ਪ੍ਰਧਾਨ ਸੂਰਜ ਸਿੰਘ ਨਲਵਾ ਆਦਿ ਵਲੋਂ ਵੀ ਫੁੱਲਾਂ ਦੇ ਹਾਰ ਤੇ ਸਿਰੋਪਾਉ ਭੇਟ ਕੀਤੇ ਗਏ।

## ਬਿਜਨੌਰ 'ਚ ਸਿੱਖਾਂ ਦਾ ਜਬਰਨ ਧਰਮ ਪਰਿਵਰਤਨ ਕਰਾਉਣ ਦੇ ਦੋਸ਼ੀਆਂ ਖ਼ਿਲਾਫ਼ ਹੋਵੇ ਸਖ਼ਤ ਕਾਰਵਾਈ-ਸਿਰਸਾ

**ਸਿੰਘ ਸਭਾ ਪੱਤ੍ਰਿਕਾ ਬਿਊਰੋ**



ਭਾਜਪਾ ਦੇ ਸਿੱਖ ਆਗੂ ਸ. ਮਨਜਿੰਦਰ ਸਿੰਘ ਸਿਰਸਾ ਨੇ ਉੱਤਰ ਪ੍ਰਦੇਸ਼ ਦੇ ਬਿਜਨੌਰ 'ਚ ਸਿੱਖ ਪਰਿਵਾਰ ਦਾ ਇਸਾਈ ਭਾਈਚਾਰੇ ਦੇ ਕੁਝ (ਖੁਦ ਨੂੰ ਕਹਿੰਦੇ) ਆਗੂਆਂ ਵਲੋਂ ਜਬਰੀ ਧਰਮ ਪਰਿਵਰਤਨ ਦੇ ਯਤਨਾਂ ਦਾ ਗੰਭੀਰ ਨੋਟਿਸ ਲਿਆ ਹੈ ਤੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੂੰ ਅਪੀਲ ਕੀਤੀ ਹੈ ਕਿ ਅਜਿਹੇ ਗੁੰਡਾ ਅਨਸਰਾਂ ਨੂੰ ਤੁਰੰਤ ਜੇਲ੍ਹਾਂ 'ਚ ਸੁੱਟਿਆ ਜਾਵੇ।

ਸਿਰਸਾ ਨੇ ਕਿਹਾ ਕਿ ਬਿਜਨੌਰ 'ਚ ਇਨ੍ਹਾਂ ਸ਼ਰਾਰਤੀ ਅਨਸਰਾਂ ਵਲੋਂ ਸ. ਮਹਿੰਦਰ ਸਿੰਘ ਤੇ ਉਨ੍ਹਾਂ ਦੇ ਪੁੱਤਰ ਗੁਰਪ੍ਰੀਤ ਸਿੰਘ ਦੇ ਕੇਸ ਕਤਲ ਕੀਤੇ, ਜਿਹੜੀ ਅੰਮ੍ਰਿਤ ਛਕ ਕੇ ਕਿਰਪਾਨ ਸਜਾਈ ਸੀ, ਉਸ ਨੂੰ ਤੋੜਿਆ ਅਤੇ ਪੈਸੇ ਦਾ ਲਾਲਚ ਦਿੱਤਾ। ਉਨ੍ਹਾਂ ਕਿਹਾ ਕਿ ਇਸ ਮਾਮਲੇ 'ਚ ਪੁਲਿਸ ਥਾਣੇ 'ਚ ਸ਼ਿਕਾਇਤ ਵੀ ਦਿੱਤੀ ਗਈ ਹੈ ਤੇ ਹੁਣ ਕੇਸ ਵੀ ਦਰਜ ਹੋ ਗਿਆ ਹੈ।

ਸਿਰਸਾ ਨੇ ਯੋਗੀ ਆਦਿੱਤਿਆਨਾਥ ਨੂੰ ਅਪੀਲ ਕੀਤੀ ਕਿ ਅਜਿਹੇ ਗੁੰਡਾ ਅਨਸਰਾਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ।

## ਅਮਰੀਕੀ ਦੂਤਘਰ ਦੇ ਵਫ਼ਦ ਨੇ ਕੀਤਾ ਕਰਤਾਰਪੁਰ ਲਾਂਘੇ ਦਾ ਦੌਰਾ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਸਥਿਤ ਅਮਰੀਕੀ ਦੂਤਾਵਾਸ ਦੇ ਇਕ ਵਫ਼ਦ ਨੇ ਸਖ਼ਤ ਸੁਰੱਖਿਆ ਹੇਠ ਜ਼ਿਲ੍ਹਾ ਨਾਰੋਵਾਲ ਵਿਖੇ ਕਰਤਾਰਪੁਰ ਲਾਂਘੇ ਦਾ ਦੌਰਾ ਕੀਤਾ। ਅਮਰੀਕੀ ਦੂਤਘਰ ਦੇ ਸਿਆਸੀ ਅਧਿਕਾਰੀ ਕੇਵਿਨ ਚੇਨ ਅਤੇ ਡਿਪਟੀ ਪਬਲਿਕ ਅਫੇਅਰਜ਼ ਅਫ਼ਸਰ ਕਾਰਲ ਰੋਜਰਜ਼ ਵੀ ਵਫ਼ਦ ਦੇ ਨਾਲ ਸਨ। ਕਰਤਾਰਪੁਰ ਪ੍ਰੋਜੈਕਟ ਮੈਨੇਜਮੈਂਟ ਯੂਨਿਟ ਦੇ ਸੁਰੱਖਿਆ ਅਧਿਕਾਰੀ ਜ਼ਹੀਰ ਅੱਬਾਸ ਅਤੇ ਐਮ. ਪੀ. ਏ. ਸ: ਰਮੇਸ਼ ਸਿੰਘ ਅਰੋੜਾ ਆਦਿ ਨੇ ਵਫ਼ਦ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਕਰਤਾਰਪੁਰ ਲਾਂਘੇ ਬਾਰੇ ਜਾਣਕਾਰੀ ਦਿੱਤੀ। ਵਫ਼ਦ ਨੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਯਾਦਗਾਰੀ ਤਸਵੀਰਾਂ ਵੀ ਖਿੱਚੀਆਂ। ਕੇਵਿਨ ਚੈਨ ਨੇ ਕਰਤਾਰਪੁਰ ਲਾਂਘੇ ਦੀ ਸ਼ੁਰੂਆਤ ਲਈ ਭਾਰਤ ਅਤੇ ਪਾਕਿ ਸਰਕਾਰ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਹ ਮੁਕੱਦਸ ਅਸਥਾਨ ਸਿੱਖਾਂ ਲਈ ਵਿਸ਼ੇਸ਼ ਮਹੱਤਵ ਰੱਖਦਾ ਹੈ, ਉੱਥੇ ਹੀ ਇਹ ਭਾਈਚਾਰਕ ਸਾਂਝ ਦਾ ਸੁਨੇਹਾ ਦਿੰਦਾ ਹੈ।

# ਗੁਰਦੁਆਰਾ ਗੁਰੂ ਨਾਨਕ ਦਰਬਾਰ ਸ਼ਿਲੌਂਗ, ਮੇਘਾਲਿਆ

ਉਦਘਾਟਨ 22 ਜਨਵਰੀ 2023





ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ
ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ
ਉਚੇਚੇ ਤੌਰ 'ਤੇ ਪੁੱਜ ਰਹੇ ਹਨ।

## ਸੱਦਾ-ਪੱਤਰ

ਪੰਜਾਬੀ ਲੇਨ ਸ਼ਿਲੌਂਗ ਵਿੱਚ ਜਿਸ ਅਸਥਾਨ ਅਤੇ ਇਲਾਕੇ ਵਿੱਚ ਸੰਨ 2018 ਵਿੱਚ ਲੋਕਲ ਸ਼ਰਾਰਤੀ ਅਨਸਰਾਂ ਨੇ ਸਿੱਖਾਂ 'ਤੇ ਪੱਥਰਬਾਜੀ ਅਤੇ ਹਮਲਾ ਕੀਤਾ ਸੀ ਉਸੇ ਕਲੌਨੀ ਵਿੱਚ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਪੂਰੀ ਦ੍ਰਿੜ੍ਹਤਾ ਨਾਲ ਗਰੀਬ ਸਿੱਖਾਂ ਨੇ ਆਪਣੇ ਗੁਰੂ ਘਰ ਨੂੰ ਸਾਰੀਆਂ ਸਹੂਲਤਾਂ ਨਾਲ ਵੱਡਾ ਅਤੇ ਆਲੀਸ਼ਾਨ ਕੀਤਾ ਹੈ।

ਸਮੂਹ ਸਿੱਖ ਸੰਗਤਾਂ ਨੂੰ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦੀ ਸ਼ਿਲੌਂਗ ਫੇਰੀ ਦੀ ਯਾਦ ਵਿੱਚ ਸੁਸ਼ੋਭਿਤ ਮੁੜ ਉਸਾਰੇ ਗਏ ਗੁਰਦੁਆਰਾ ਗੁਰੂ ਨਾਨਕ ਦਰਬਾਰ, ਸ਼ਿਲੌਂਗ, ਮੇਘਾਲਿਆ ਦਾ ਰਸਮੀ ਤੌਰ 'ਤੇ ਉਦਘਾਟਨ ਐਤਵਾਰ 22 ਜਨਵਰੀ 2023 ਨੂੰ ਕੀਤਾ ਜਾਵੇਗਾ।

20 ਜਨਵਰੀ 2023 ਤੋਂ ਇਹ ਵਿਸ਼ੇਸ਼ ਸਮਾਗਮ ਆਰੰਭ ਹੋਵੇਗਾ ਜਿਸ ਵਿੱਚ ਪੰਥ ਦੇ ਉਚ ਕੋਟੀ ਦੇ ਰਾਗੀ, ਢਾਡੀ, ਕਵੀਸ਼ਰ, ਕਥਾ ਵਾਚਕ, ਸਮਾਜਕ, ਧਾਰਮਕ ਅਤੇ ਸਿਆਸੀ ਆਗੂ ਹਾਜ਼ਰੀ ਭਰਨਗੇ। ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਅਕਾਲ ਤਖਤ ਸਾਹਿਬ ਮੁੱਖ ਮਹਿਮਾਨ ਹੋਣਗੇ।

ਸਰਬੱਤ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਪੰਥ ਦੀ ਚੜ੍ਹਦੀ ਕਲਾ ਦੇ ਪ੍ਰਤੀਕ ਇਸ ਮਹਾਨ ਸਮਾਗਮ ਵਿੱਚ ਆਪਣੀ ਹਾਜ਼ਰੀ ਲਗਵਾ ਕੇ ਗੁਰੂ ਨਾਨਕ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਸ਼ਿਲੌਂਗ ਦੀ ਸੰਗਤ ਦੀ ਹੌਂਸਲਾ ਅਫਜ਼ਾਈ ਕਰੋ। ਸੰਗਤਾਂ ਲਈ ਰਿਹਾਇਸ਼ ਦਾ ਖਾਸ ਪ੍ਰਬੰਧ ਕੀਤਾ ਜਾਵੇਗਾ। ਹੁੰਮ ਹੁਮਾ ਕੇ ਪੁੱਜੋ।

ਪ੍ਰਬੰਧਕ ਕਮੇਟੀ, ਗੁਰਦੁਆਰਾ ਗੁਰੂ ਨਾਨਕ ਦਰਬਾਰ, ਸ਼ਿਲੌਂਗ

ਫੋਨ: 98771 28297, 98776 03002, 88766 51304, 8787592924

# ਭਾਰਤੀ ਮੂਲ ਦੇ ਅਲੋਕ ਸ਼ਰਮਾ ਨੂੰ ਮਿਲਿਆ ਨਾਈਟਹੁੱਡ ਦਾ ਸ਼ਾਹੀ ਸਨਮਾਨ

**ਸਿੰਘ ਸਭਾ ਪੱਤ੍ਰਿਕਾ ਬਿਉਰੋ**







ਬਰਤਾਨੀਆ ਵਿਚ ਨਵੇਂ ਸਾਲ ਮੌਕੇ ਵੱਖ-ਵੱਖ ਖੇਤਰਾਂ ਵਿਚ ਯੋਗਦਾਨ ਪਾਉਣ ਵਾਲੀਆਂ 30 ਤੋਂ ਵੱਧ ਭਾਰਤੀ ਮੂਲ ਦੀਆਂ ਸ਼ਖਸ਼ੀਅਤਾਂ ਨੂੰ ਸ਼ਾਹੀ ਸਨਮਾਨਾਂ ਨਾਲ ਸਨਮਾਨਿਤ ਕੀਤਾ ਗਿਆ ਹੈ, ਜਿਸ ਤਹਿਤ ਭਾਰਤੀ ਮੂਲ ਦੇ ਬਰਤਾਨਵੀ ਕੈਬਨਿਟ ਮੰਤਰੀ ਅਲੋਕ ਸ਼ਰਮਾਂ ਨੂੰ ਨਾਈਟਹੁੱਡ ਨਾਲ ਸਨਮਾਨਿਤ ਕੀਤਾ ਗਿਆ ਹੈ। ਅਗਰਾ 'ਚ ਜਨਮੇ ਅਲੋਕ ਸ਼ਰਮਾ (55) ਨੂੰ 'ਓਵਰਸੀਜ਼ ਸੂਚੀ' 'ਚ ਸ਼ਾਮਿਲ ਕੀਤਾ ਗਿਆ ਹੈ। ਆਲੋਕ ਸ਼ਰਮਾ ਨੇ ਕੋਪ 26 ਵਿੱਤ ਜਲਵਾਯੂ ਪਰਿਵਰਤਨ ਲਈ ਵੱਡਾ ਯੋਗਦਾਨ ਦਿੱਤਾ ਹੈ।

ਨਵੇਂ ਸਾਲ ਮੌਕੇ ਹੋਰ ਜਿਹੜੇ ਸਿੱਖਾਂ ਤੇ ਸਿੱਖ ਵਿਰਾਸਤ ਦੇ ਲੋਕਾਂ ਨੂੰ ਸਨਮਾਨਿਤ ਕੀਤਾ ਗਿਆ ਹੈ, ਉਨ੍ਹਾਂ 'ਚ ਜਸਵੀਰ ਸਿੰਘਸਿਟੀ ਸਿੱਖਸ ਦੇ ਸੰਸਥਾਪਕ ਨੂੰ ਸੀ.ਬੀ.ਈ., ਕਰਨਜੀਤ ਕੌਰ ਵਿਰਦੀ ਨੂੰ ਐਮ.ਬੀ.ਈ., ਗੋਰਡਨ ਸੰਘੇੜਾ, ਜੋ ਆਕਸਫੋਰਡ ਨੈਨੋਪੋਰ ਦੇ ਸਹਿ-ਸੰਸਥਾਪਕ ਹਨ, ਨੂੰ ਸੀ.ਬੀ.ਈ., ਡਾ: ਗੁਰਦਿਆਲ ਸਿੰਘ ਸੰਘੇੜਾ ਨੂੰ ਸੀ ਬੀ ਈ, ਰਵਿੰਦਰ ਸਿੰਘ ਨੂੰ ਸਿੱਖਿਆ ਖੇਤਰ ਲਈ ਤੇ ਸ਼ਰਨ ਕੌਰ ਜੰਡੂ ਨੂੰ ਓ ਬੀ ਈ, ਇੰਦਰਪਾਲ ਸਿੰਘ ਜੌਹਰ ਨੂੰ ਐਮ ਬੀ ਈ, ਜਸਪਾਲ ਸਿੰਘ ਮਾਨ ਨੂੰ ਵਾਤਾਵਰਨ ਲਈ ਐਮ ਬੀ ਈ, ਕਿਰਨਜੀਤ ਕੂਰ ਵਿਰਦੀ ਏਸ਼ੀਅਨ ਆਰਟਾਂ ਲਈ ਐਮ ਬੀ ਈ ਤੇ ਪਿੰਗਲਵਾੜਾ ਸੁਸਾਇਟੀ ਯੂ ਕੇ ਦੇ ਪ੍ਰਧਾਨ ਜਗਰਾਜ ਸਿੰਘ ਸਰਾਂ ਨੂੰ ਸਮਾਜ ਸੇਵਾ ਲਈ ਬੀ ਈ ਐਮ ਤੇ ਅਮਰਜੀਤ ਸਿੰਘ ਸੂਰਾ ਇਲਫੋਰਡ ਨੂੰ ਭਾਈਚਾਰਕ ਸੇਵਾਵਾਂ ਲਈ ਬੀ.ਈ.ਐਮ. ਦੇ ਖ਼ਿਤਾਬ ਨਾਲ ਸਨਮਾਨਿਤ ਕੀਤਾ ਗਿਆ ਹੈ।

# ਸਿੰਗਾਪੁਰ ਦੇ ਸੀਨੀਅਰ ਮੰਤਰੀ ਥਰਮਨ ਸ਼ਾਨਮੁਗਾਰਤਨਮ ਵਲੋਂ ਸਿੱਖ ਭਾਈਚਾਰੇ ਦੀ ਸ਼ਲਾਘਾ

**ਸਿੰਘ ਸਭਾ ਪੱਤ੍ਰਿਕਾ ਬਿਉਰੋ**




ਸੰਗਾਪੁਰ ਦੇ ਸੀਨੀਅਰ ਮੰਤਰੀ ਥਰਮਨ ਸ਼ਾਨਮੁਗਾਰਤਨਮ ਨੇ ਦੇਸ਼ ਵਿਚ ਸਿੱਖ ਭਾਈਚਾਰੇ ਵਲੋਂ ਪਾਏ ਯੋਗਦਾਨ ਲਈ ਉਨ੍ਹਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਇਥੇ ਦੱਖਣ ਪੂਰਬੀ ਏਸ਼ੀਆ ਵਿਚ ਸਭ ਤੋਂ ਵੱਡੇ ਸਿੱਖਾਂ ਦੇ 10ਵੇਂ ਧਾਰਮਿਕ ਸਮਾਗਮ ਦੌਰਾਨ ਹਿੱਸਾ ਲਿਆ। ਸਮਾਜਿਕ ਨੀਤੀਆਂ ਲਈ ਤਾਲਮੇਲ ਮੰਤਰੀ ਸਿੰਗਾਪੁਰ ਐਕਸਪੋ ਵਿਖੇ ਚਾਰ ਸਾਲਾਂ ਦੇ ਵਕਫ਼ੇ ਬਾਅਦ 23 ਤੋਂ 26 ਦਸੰਬਰ ਤੱਕ ਕਰਵਾਏ ਨਾਮ ਰਸ ਕੀਰਤਨ ਦਰਬਾਰ ਵਿਚ ਸ਼ਾਮਿਲ ਹੋਏ। 24 ਦਸੰਬਰ ਨੂੰ ਸ਼ਾਨਮੁਗਾਰਤਨਮ ਨੇ ਸਮਾਗਮ ਵਿਚ ਸ਼ਮੂਲੀਅਤ ਦੌਰਾਨ ਕਿਹਾ ਕਿ ਸਿੱਖ ਕੌਮ ਘੱਟ ਗਿਣਤੀ ਹੈ ਪਰ ਇਹ ਇਸ ਦੀ ਜਗ੍ਹਾ ਨੂੰ ਹੋਰ ਵੀ ਖ਼ਾਸ ਬਣਾਉਂਦਾ ਹੈ ਕਿਉਂਕਿ ਇਸ ਨੂੰ ਕਿਸ ਤਰਾਂ ਅਨੁਕੂਲਿਤ ਕੀਤਾ ਜਾਂਦਾ ਹੈ ਅਤੇ ਸਾਡੇ ਸਮਾਜ ਵਿਚ ਇਸ ਦਾ ਸੱਭਿਆਚਾਰ ਮਨਾਇਆ ਜਾਂਦਾ ਹੈ, ਅਸੀਂ ਸਾਰੇ ਜਾਣਦੇ ਹਾਂ ਕਿ ਸਿੰਗਾਪੁਰ 'ਚ ਅਸੀਂ ਸਾਰੇ ਇਕੱਠੇ ਹਾਂ।

ਉਨ੍ਹਾਂ ਅੱਗੇ ਕਿਹਾ ਕਿ ਸਿੱਖ ਕੌਮ ਦਾ ਨਿਰੰਤਰ ਜੋਸ਼ ਇਸ ਗੱਲ ਨੂੰ ਚੰਗੀ ਤਰਾਂ ਦਰਸਾਉਂਦਾ ਹੈ। ਇਸ ਸਮਾਰੋਹ ਦੌਰਾਨ 40 ਹਜ਼ਾਰ ਲੋਕਾਂ ਨੇ ਹਿੱਸਾ ਲਿਆ। ਮੰਤਰੀ ਨੇ ਲੰਗਰ 'ਚ ਹਿੱਸਾ ਲੈਂਦੇ ਹੋਏ ਅਤੇ ਸਿੱਖ ਭਾਈਚਾਰੇ ਨਾਲ ਬੈਠਕ ਅਤੇ ਸੰਬੋਧਨ ਕਰਦਿਆਂ ਵਲੰਟੀਅਰਾਂ ਵਲੋਂ ਕਰਵਾਏ ਪ੍ਰੋਗਰਾਮ ਦਾ ਦੌਰਾ ਕੀਤਾ। ਭਾਰਤ, ਆਸਟ੍ਰੇਲੀਆ, ਕੈਨੇਡਾ, ਮਲੇਸ਼ੀਆ, ਥਾਈਲੈਂਡ, ਬਰਤਾਨੀਆ ਅਤੇ ਅਮਰੀਕਾ ਤੋਂ ਕਈ ਸਿੱਖ ਹਸਤੀਆਂ ਨੇ ਕੀਰਤਨ ਦਰਬਾਰ ਵਿਚ ਹਿੱਸਾ ਲਿਆ। ਭਾਰਤੀ ਮੂਲ ਦੇ ਬਰਤਾਨਵੀ ਸਿੱਖ ਕੈਲੀਗ੍ਰਾਫ਼ੀ ਕਲਾਕਾਰ ਅਮਨਦੀਪ ਸਿੰਘ ਨੇ ਸਮਾਗਮ ਦੌਰਾਨ ਸਿੱਖ ਗੁਰੂਆਂ ਦੀਆਂ ਆਪਣੇ ਵਲੋਂ ਬਣਾਈਆਂ ਪੇਂਟਿੰਗਾਂ ਦੀ ਪ੍ਰਦਰਸ਼ਨੀ ਲਾਈ। ਬਹੁ-ਰਾਸ਼ਟਰੀ ਸਿੰਗਾਪੁਰ ਸਮਾਜ ਦੇ ਗੈਰ ਸਿੱਖਾਂ ਨੇ ਵੀ ਇਸ ਚਾਰ ਦਿਨਾ ਕੀਰਤਨ ਦਰਬਾਰ ਵਿਚ ਹਿੱਸਾ ਲਿਆ।

# ਕੁਲਦੀਪ ਕੌਰ ਚਾਹਲ ਬਣੀ ਐਬਟਸਫੋਰਡ ਦੀ ਡਿਪਟੀ ਮੇਅਰ

**ਸਿੰਘ ਸਭਾ ਪੱਤ੍ਰਿਕਾ ਬਿਉਰੋ**



ਕੈਨੇਡਾ ਦੇ ਬ੍ਰਿਸ਼ ਕੋਲੰਬੀਆ ਸੂਬੇ ਦੇ ਪੰਜਵੇਂ ਵੱਡੇ ਸ਼ਹਿਰ ਐਬਟਸਫੋਰਡ ਨਗਰਪਾਲਿਕਾ ਦੀ ਪੰਜਾਬਣ ਕੌਂਸਲਰ ਕੁਲਦੀਪ ਕੌਰ 'ਕੈਲੀ' ਚਾਹਲ ਨੂੰ ਡਿਪਟੀ ਮੇਅਰ ਬਣਾਇਆ ਗਿਆ ਹੈ।

ਕੁਲਦੀਪ ਕੌਰ ਪਹਿਲੀ ਪੰਜਾਬਣ ਹੈ। ਜਿਹੜੀ ਐਬਟਸਫੋਰਡ ਦੀ ਡਿਪਟੀ ਮੇਅਰ ਬਣੀ ਹੈ। ਜ਼ਿਲ੍ਹਾ ਲੁਧਿਆਣਾ ਦੇ ਮੁੱਲਾਂਪੁਰ ਦਾਖਾ ਨੇੜਲੇ ਪਿੰਡ ਪੰਡੋਰੀ ਦੀ ਕੁਲਦੀਪ ਕੌਰ ਬੀਤੇ ਅਕਤੂਬਰ ਮਹੀਨੇ ਹੋਈਆਂ ਨਗਰਪਾਲਿਕਾ ਦੀਆਂ ਚੋਣਾਂ 'ਚ ਤੀਸਰੀ ਵਾਰ ਐਬਟਸਫੋਰਡ ਦੀ ਕੌਂਸਲਰ ਚੁਣੀ ਗਈ ਸੀ। ਐਬਟਸਫੋਰਡ ਦੀ ਨਗਰਪਾਲਿਕਾ ਦੇ ਕੁੱਲ 8 ਕੌਂਸਲਰ ਹਨ ਤੇ ਕੁਲਦੀਪ ਕੌਰ 9156 ਵੋਟਾਂ ਲੈ ਕੇ ਛੇਵੇਂ ਸਥਾਨ 'ਤੇ ਰਹੀ ਸੀ। ਕੁਲਦੀਪ ਕੌਰ ਚਾਹਲ ਨੇ ਕ੍ਰਿਮਿਨਲ ਜਸਟਿਸ ਵਿਸ਼ੇ 'ਤੇ ਮਾਸਟਰ ਕੀਤੀ ਹੋਈ ਹੈ।

# ਭੁਪਿੰਦਰ ਸਿੰਘ ਗਿੱਲ ਨੇ ਪ੍ਰੀਮੀਅਰ ਲੀਗ ਦਾ ਸਹਾਇਕ ਰੈਫਰੀ ਬਣ ਕੇ ਰਚਿਆ ਇਤਿਹਾਸ

**ਸਿੰਘ ਸਭਾ ਪੱਤ੍ਰਿਕਾ ਬਿਉਰੋ**

ਭੁਪਿੰਦਰ ਸਿੰਘ ਗਿੱਲ ਨੇ ਫੁੱਟਬਾਲ ਜਗਤ ਦੀ ਦਿਗਜ ਲੀਗ (ਇੰਗਲਿਸ਼ ਪ੍ਰੀਮੀਅਰ ਲੀਗ) ਦੇ ਪਹਿਲੇ ਸਿੱਖ-ਪੰਜਾਬੀ ਸਹਾਇਕ ਰੈਫਰੀ ਬਣ ਕੇ ਇਤਿਹਾਸ ਰਚ ਦਿੱਤਾ ਹੈ। ਉਨ੍ਹਾਂ ਨੇ ਸੇਂਟ ਮੈਰੀਜ਼ ਵਿਖੇ ਨਾਟਿੰਘਮ ਫੋਰੈਸਟ ਦੇ ਖ਼ਿਲਾਫ਼ ਸਾਊਥੈਂਪਟਨ ਦੇ ਘਰੇਲੂ ਮੈਚ 'ਚ ਸਹਾਇਕ ਰੈਫਰੀ ਵਜੋਂ ਸੇਵਾਵਾਂ ਨਿਭਾਅ ਕੇ ਇਹ ਮਾਣਮੱਤੀ ਪ੍ਰਾਪਤੀ ਹਾਸਲ ਕੀਤੀ ਹੈ। 37 ਸਾਲਾ ਭੁਪਿੰਦਰ ਸਿੰਘ ਗਿੱਲ ਦਾ ਸੰਬੰਧ ਫੁੱਟਬਾਲ ਨਾਲ ਜੁੜੇ ਪਰਿਵਾਰ ਨਾਲ ਹੈ। ਉਨ੍ਹਾਂ ਦੇ ਪਿਤਾ ਜਰਨੈਲ ਸਿੰਘ ਇੰਗਲਿਸ਼ ਫੁੱਟਬਾਲ ਲੀਗ (ਈ.ਐਫ.ਐਲ.) ਵਿਚ ਪਹਿਲੇ ਪੱਗੜੀਧਾਰੀ ਰੈਫਰੀ ਸਨ ਅਤੇ ਉਨ੍ਹਾਂ ਨੇ 2004-10 ਦੇ ਵਿਚਕਾਰ 150 ਤੋਂ ਵੱਧ ਈ.ਐਫ.ਐਲ. ਦੇ ਮੈਚਾਂ 'ਚ ਆਪਣੀਆਂ ਸੇਵਾਵਾਂ ਨਿਭਾਈਆਂ ਸਨ।

# ਵੀਰ ਬਾਲ ਦਿਵਸ ਮੌਕੇ ਮੋਦੀ ਵੱਲੋਂ ਛੋਟੇ ਸਾਹਿਬਜ਼ਾਦਿਆਂ ਨੂੰ ਪ੍ਰਣਾਮ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਦੇਸ਼ ਨੂੰ ਜੇਕਰ ਸਫ਼ਲਤਾ ਦੇ ਸਿਖਰ ’ਤੇ ਲਿਜਾਣਾ ਹੈ ਤਾਂ ਉਸ ਨੂੰ ਅਤੀਤ ਦੇ ਸੌੜੇ ਨਜ਼ਰੀਏ ਤੋਂ ਵੀ ਮੁਕਤ ਹੋਣਾ ਹੋਵੇਗਾ। ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਨੂੰ ਪਹਿਲੇ ‘ਵੀਰ ਬਾਲ ਦਿਵਸ’ ਮੌਕੇ ਕਰਵਾਏ ਗਏ ਸਮਾਗਮ ਦੌਰਾਨ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ,‘‘ਇਕ ਪਾਸੇ ਕੱਟੜਤਾ ਵਿਚ ਰੁੱਝਿਆ ਮੁਗਲ ਸ਼ਾਸਨ ਅਤੇ ਦੂਜੇ ਪਾਸੇ ਅਧਿਆਤਮ ਦਾ ਸਿਖਰ ਸੀ।

ਇਕ ਪਾਸੇ ਮਜ਼ਹਬੀ ਪਾਗਲਪਣ ਅਤੇ ਦੂਜੇ ਪਾਸੇ ਸਾਰਿਆਂ ’ਚ ਰੱਬ ਦੇਖਣ ਵਾਲੀ ਉਦਾਰਤਾ ਸੀ। ਇਕ ਪਾਸੇ ਲੱਖਾਂ ਦੀ ਫ਼ੌਜ ਅਤੇ ਦੂਜੇ ਪਾਸੇ ਸਿਰਫ਼ ਨਿਡਰ ਸਾਹਿਬਜ਼ਾਦੇ ਸਨ ਜੋ ਕਿਸੇ ਵੀ ਧਮਕੀ



ਤੋਂ ਡਰੇ ਨਹੀਂ, ਕਿਸੇ ਦੇ ਅੱਗੇ ਝੁਕੇ ਨਹੀਂ।’’

ਉਨ੍ਹਾਂ ਕਿਹਾ ਕਿ ਔਰੰਗਜ਼ੇਬ ਅਤੇ ਉਸ ਦੇ ਲੋਕ ਗੁਰੂ ਗੋਬਿੰਦ ਸਿੰਘ ਦੇ ਸਾਹਿਬਜ਼ਾਦਿਆਂ ਦਾ ਧਰਮ ਤਲਵਾਰ ਦੀ ਨੋਕ ’ਤੇ ਬਦਲਣਾ ਚਾਹੁੰਦੇ ਸਨ ਅਤੇ ਉਨ੍ਹਾਂ ਦੇ ਭਾਰਤ ਨੂੰ ਬਦਲਣ ਦੇ ਮਨਸੂਬੇ ਸਨ। ‘ਉਨ੍ਹਾਂ ਖ਼ਿਲਾਫ਼ ਗੁਰੂ ਗੋਬਿੰਦ ਸਿੰਘ ਪਹਾੜ ਵਾਂਗ ਖੜ੍ਹੇ ਸਨ।’ ਸ੍ਰੀ ਮੋਦੀ ਨੇ ਕਿਹਾ ਕਿ ਜਿਸ ਸਮਾਜ ਅਤੇ ਕੌਮ ਦੀ ਨਵੀਂ ਪੀੜ੍ਹੀ ਜ਼ੋਰ-ਜ਼ੁਲਮ ਅੱਗੇ ਗੋਡੇ ਟੇਕ ਦਿੰਦੀ ਹੈ, ਉਸ ਦਾ ਆਤਮ ਵਿਸ਼ਵਾਸ ਅਤੇ ਭਵਿੱਖ ਆਪਣੇ ਆਪ ਮਰ ਜਾਂਦਾ ਹੈ ਪਰ ਭਾਰਤ ਦੇ ਉਹ ਸਪੁੱਤਰ ਮੌਤ ਤੋਂ ਨਹੀਂ ਘਬਰਾਏ। ‘ਉਹ ਦੀਵਾਰ ’ਚ ਜ਼ਿੰਦਾ ਚਿਣ ਦਿੱਤੇ ਗਏ ਪਰ ਉਨ੍ਹਾਂ ਦਹਿਸ਼ਤੀ ਮਨਸੂਬਿਆਂ ਨੂੰ ਹਮੇਸ਼ਾ ਲਈ ਦਫ਼ਨ ਕਰ ਦਿੱਤਾ।’

ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੇ ਤਿਆਗ ਅਤੇ ਬਹਾਦਰੀ ਦੀ ਗਾਥਾ ਨੂੰ ਇਤਿਹਾਸ ’ਚ ਭੁਲਾ ਦਿੱਤਾ ਗਿਆ ਪਰ ਹੁਣ ਨਵਾਂ ਭਾਰਤ ਦਹਾਕਿਆਂ ਪਹਿਲਾਂ ਹੋਈ ਇਕ ਪੁਰਾਣੀ ਭੁੱਲ ਨੂੰ ਸੁਧਾਰ ਰਿਹਾ ਹੈ। ਮੋਦੀ ਨੇ ਕਿਹਾ ਕਿ ਚਮਕੌਰ ਅਤੇ ਸਰਹਿੰਦ ਦੀਆਂ ਜੰਗਾਂ ਕਦੇ ਵੀ ਭੁਲਾਈਆਂ ਨਹੀਂ ਜਾ ਸਕਦੀਆਂ ਹਨ। ਪ੍ਰਧਾਨ ਮੰਤਰੀ ਨੇ ਇਹ ਗੱਲ ਮੁੜ ਦੁਹਰਾਈ ਕਿ ਸਾਹਿਬਜ਼ਾਦਿਆਂ ਦਾ ਇਤਿਹਾਸ ਸਿਰਫ ਭਾਰਤ ਵਿਚ ਹੀ ਨਹੀਂ ਬਲਕਿ ਦੁਨੀਆ ਦੇ ਕੋਨੇ ਕੋਨੇ ਤੱਕ ਪਹੁੰਚਾਇਆ ਜਾਵੇਗਾ।

# ‘ਵੀਰ ਬਾਲ ਦਿਵਸ’ ਸ਼ਬਦਾਵਲੀ ਦਾ ਡਟਵਾਂ ਵਿਰੋਧ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਕੇਂਦਰ ਸਰਕਾਰ ਵਲੋਂ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਨੂੰ ‘ਵੀਰ ਬਾਲ ਦਿਵਸ’ ਵਜੋਂ ਮਨਾਉਣ ਤੋਂ ਇਕ ਦਿਨ ਪਹਿਲਾਂ ਸਿੱਖਾਂ ਦੀ ਪ੍ਰਮੁੱਖ ਸੰਸਥਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਰਤ ਸਰਕਾਰ ਵੱਲੋਂ ਮਨਾਏ ਜਾ ਰਹੇ ਵੀਰ ਬਾਲ ਦਿਵਸ ਨੂੰ ਰੱਦ ਕਰ ਦਿੱਤਾ ਹੈ। ਉਨ੍ਹਾਂ ਇਸ ਨੂੰ ਸਾਹਿਬਜ਼ਾਦੇ ਸ਼ਹਾਦਤ ਦਿਵਸ ਵਜੋਂ ਮਨਾਉਣ ਦੀ ਅਪੀਲ ਕੀਤੀ ਹੈ।

ਕੇਂਦਰ ਵਲੋਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਦੇਸ਼ ਪੱਧਰ ’ਤੇ ਮਨਾਉਣ ਲਈ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ ਜਿਸ ਵਿਚ ਇਸ ਦਿਵਸ ਨੂੰ ਵੀਰ ਬਾਲ ਦਿਵਸ ਦਾ ਨਾਂ ਦਿੱਤਾ ਗਿਆ। ਸ੍ਰੀ ਅਕਾਲ ਤਖਤ ਵਲੋਂ ਬਣਾਈ ਗਈ ਸਿੱਖ ਵਿਦਵਾਨਾਂ ਦੀ ਕਮੇਟੀ ਨੇ ਇਸ ਦਿਵਸ ਦਾ ਨਾਂ ‘ਸਾਹਿਬਜ਼ਾਦੇ ਸ਼ਹਾਦਤ’ ਦਿਵਸ ਰੱਖਣ ਦਾ ਸੁਝਾਅ ਦਿੱਤਾ ਸੀ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਇਸ ਮਾਮਲੇ ਵਿਚ ਕੇਂਦਰ ’ਤੇ ਦੋਸ਼ ਲਾਇਆ ਕਿ ਉਹ ਸਿੱਖਾਂ ਦੇ ਇਤਿਹਾਸ ਨੂੰ ਰਲਗੱਡ ਕਰਨਾ ਚਾਹੁੰਦੀ ਹੈ।

# ਪੰਜਾਬ ਸਮੇਤ ਉੱਤਰੀ ਭਾਰਤ 'ਚ ਹੱਡ ਚੀਰਵੀਂ ਠੰਢ ਜਾਰੀ

**ਸਿੰਘ ਸਭਾ ਪੱਤ੍ਰਿਕਾ ਬਿਊਰੋ**



ਮੌਸਮ ਵਿਭਾਗ ਵਲੋਂ ਦੇਸ਼ ਦੇ ਵੱਖ-ਵੱਖ ਭਾਗਾਂ ਖਾਸਕਰ ਪੰਜਾਬ ਸਮੇਤ ਉੱਤਰੀ ਭਾਰਤ ਵਿਚ ਸ਼ੀਤ ਲਹਿਰ, ਠੰਢ ਤੇ ਸੰਘਣੀ ਧੁੰਦ ਦਾ ਪ੍ਰਕੋਪ ਜਾਰੀ ਹੈ। ਆਉਣ ਵਾਲੇ ਦਿਨਾਂ ਵਿਚ ਸੀਤ ਲਹਿਰ ਜਾਰੀ ਰਹਿਣ, ਠੰਢੀਆਂ ਹਵਾਵਾਂ ਚੱਲਣ, ਸੰਘਣੀ ਤੋਂ ਦਰਮਿਆਨੀ ਧੁੰਦ ਪਵੇਗੀ। ਜਿਸ ਨਾਲ ਪਾਰਾ ਡਿਗਣ ਦੀ ਭਵਿੱਖਬਾਣੀ ਕੀਤੀ ਗਈ ਹੈ।

ਪੰਜਾਬ, ਹਰਿਆਣਾ, ਚੰਡੀਗੜ੍ਹ, ਉੱਤਰ ਪ੍ਰਦੇਸ਼ ਤੇ ਦਿੱਲੀ ਦੇ ਕਈ ਇਲਾਕਿਆਂ 'ਚ ਬਹੁਤ ਜਿਆਦਾ ਸੰਘਣੀ ਧੁੰਦ ਪਵੇਗੀ, ਜਦਕਿ ਰਾਜਸਥਾਨ, ਉੱਤਰੀ ਮੱਧ ਪ੍ਰਦੇਸ਼, ਬਿਹਾਰ, ਅਸਾਮ, ਮੇਘਾਲਿਆ ਤੇ ਤ੍ਰਿਪੁਰਾ ਦੇ ਕੁੱਝ ਇਲਾਕਿਆਂ 'ਚ ਬਹੁਤ ਸੰਘਣੀ ਧੁੰਦ ਪਵੇਗੀ। ਪੰਜਾਬ, ਹਿਮਾਚਲ ਪ੍ਰਦੇਸ਼, ਹਰਿਆਣਾ, ਰਾਜਸਥਾਨ, ਚੰਡੀਗੜ੍ਹ, ਦਿੱਲੀ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਬਿਹਾਰ 'ਚ ਸ਼ੀਤ ਲਹਿਰ ਚੱਲੇਗੀ। ਪੰਜਾਬ ਦੇ ਅੰਮ੍ਰਿਤਸਰ 'ਚ 6 ਜਨਵਰੀ 2023 ਨੂੰ ਤਾਪਮਾਨ 6 ਡਿਗਰੀ ਤੋਂ 14 ਡਿਗਰੀ ਸੈਲਸੀਅਸ ਰਹੇਗਾ।

# ਪਾਣੀ ਦੀ ਖਰਾਬੀ ਲਈ ਜ਼ਿੰਮੇਵਾਰ ਸ਼ਰਾਬ ਫੈਕਟਰੀ ਪ੍ਰਬੰਧਕਾਂ ਨੂੰ ਮਿਲੇ ਸਜ਼ਾ-ਰਾਕੇਸ਼ ਟਿਕੈਤ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਜ਼ੀਰਾ ਨੇੜਲੇ ਪਿੰਡ ਮਨਸੂਰਵਾਲ ਕਲਾਂ ਵਿਖੇ ਸਥਿਤ ਸ਼ਰਾਬ ਫ਼ੈਕਟਰੀ ਵਿਰੁੱਧ ਚੱਲ ਰਹੇ ਧਰਨੇ 'ਚ ਭਾਰਤੀ ਕਿਸਾਨ ਯੂਨੀਅਨ ਦੇ ਨੇਤਾ ਰਾਕੇਸ਼ ਟਿਕੈਤ, ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਰੁਲਦੂ ਸਿੰਘ ਮਾਨਸਾ, ਹਰਿੰਦਰ ਸਿੰਘ ਲੱਖੋਵਾਲ ਸੂਬਾ ਸਕੱਤਰ ਭਾਕਿਯੂ ਲੱਖੋਵਾਲ, ਪਿੰਗਲਵਾੜਾ ਸੰਸਥਾ ਅੰਮ੍ਰਿਤਸਰ ਦੇ ਮੁਖੀ ਬੀਬੀ ਇੰਦਰਜੀਤ ਕੌਰ ਸਮੇਤ ਵੱਖ-ਵੱਖ ਜਥੇਬੰਦੀਆਂ ਦੇ ਆਗੂ ਪੁੱਜੇ।

ਇਸ ਮੌਕੇ ਰਾਕੇਸ਼ ਟਿਕੈਤ ਨੇ ਕਿਹਾ ਕਿ ਪਾਣੀ ਦੀ ਖ਼ਰਾਬੀ ਕਰਨ ਲਈ ਸ਼ਰਾਬ ਫ਼ੈਕਟਰੀ ਪ੍ਰਬੰਧਕਾਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ ਤਾਂ ਜੋ ਅੱਗੇ ਤੋਂ ਕੋਈ ਹੋਰ ਇਸ ਤਰ੍ਹਾਂ ਦੀ ਹਰਕਤ ਨਾ ਕਰੇ ਕਿਉਂਕਿ ਜਿਹੜਾ ਦੂਸ਼ਿਤ ਪਾਣੀ ਟਰੀਟਮੈਂਟ ਪਲਾਂਟਾਂ 'ਚ ਪਾਉਣਾ ਚਾਹੀਦਾ ਸੀ, ਉਹ ਧਰਤੀ ਹੇਠ ਪਾਇਆ ਗਿਆ, ਜਿਸ ਲਈ ਕਾਨੂੰਨ ਅਨੁਸਾਰ ਸਜ਼ਾ ਮਿਲਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜਿੱਥੇ ਵੀ ਇੰਡਸਟਰੀ ਲੱਗੀ ਹੈ ਜਾਂ ਲੱਗ ਰਹੀ ਹੈ, ਸਰਕਾਰ ਉਸ ਦੀ ਨਿਗਰਾਨੀ ਕਰੇ। ਉਨ੍ਹਾਂ ਕਿਹਾ ਕਿ ਇਲਾਕੇ ਦਾ ਪਾਣੀ ਇਸੇ ਸ਼ਰਾਬ ਫ਼ੈਕਟਰੀ ਕਰਕੇ ਖਰਾਬ ਹੋਇਆ ਹੈ।

ਇਸ ਮੌਕੇ ਰੁਲਦੂ ਸਿੰਘ ਮਾਨਸਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਆਪਣੇ ਆਪ ਨੂੰ ਸਿੱਖਾਂ ਦੇ ਹਮਦਰਦ ਆਖਦੇ ਹਨ ਤੇ ਸਿੱਖ ਧਰਮ 'ਚ ਸ਼ਰਾਬ ਪੀਣਾ ਪਾਪ ਮੰਨਿਆ ਜਾਂਦਾ ਹੈ, ਪਰ ਸਿਆਸੀ ਲਾਹਾ ਲੈਣ ਲਈ ਉਸ ਸਮੇਂ ਦੀ ਸਰਕਾਰ ਨੇ ਇਲਾਕੇ ਅੰਦਰ ਸ਼ਰਾਬ ਫ਼ੈਕਟਰੀ ਦਾ ਨੀਂਹ ਪੱਥਰ ਰੱਖਿਆ, ਜੋ ਕਿ ਬਹੁਤ ਹੀ ਮੰਦਭਾਗਾ ਹੈ।

ਸ੍ਰੀ ਗੁਰੂ ਸਿੰਘ ਸਭਾ
ਪੱਤ੍ਰਿਕਾ
Registration No. MAHBIL/2013/53199
Postal Registration NO.MCE/248/2023-25 Postal at Dadar H.O. Mumbai-14

# ਦਸਮ ਪਾਤਸ਼ਾਹ ਦਾ ਪ੍ਰਕਾਸ਼ ਪੁਰਬ ਮੁੰਬਈ ਦੀਆਂ ਸੰਗਤਾਂ ਨੇ ਉਤਸ਼ਾਹ ਨਾਲ ਮਨਾਇਆ

***ਬਾਕੀ ਪੰਨਾ ਨੰਬਰ 1 ਤੋਂ***

ਕੀਰਤਨ-ਭਾਈ ਰਾਜਬੀਰ ਸਿੰਘ ਜੀ ਡੇਹਰਾਦੂਨ, ਹਜੂਰੀ ਕੀਰਤਨੀ ਜਥਾ, ਗੁਰਦੁਆਰਾ ਸਾਹਿਬ ਦਾਦਰ, ਕੀਰਤਨ- ਇਸਤ੍ਰੀ ਸਤਿਸੰਗਿ, ਦਾਦਰ, ਕੀਰਤਨ/ਗੁਰਮਤਿ ਵਿਚਾਰ-ਨੌਜਵਾਨ ਸਿੱਖ ਬੱਚੇ-ਬੱਚੀਆਂ ਮੁੰਬਈ, ਢਾਡੀ ਜਥਾ ਗਿਆਨੀ ਸੁਰਿੰਦਰ ਸਿੰਘ ਪਾਰਸ, ਮੁਕਤਸਰ ਸਾਹਿਬ, ਪੰਜਾਬ, ਕੀਰਤਨ ਭਾਈ ਕੰਵਰਪਾਲ ਸਿੰਘ ਜੀ, ਡੇਹਰਾਦੂਨ, ਗੁਰਮਤਿ ਵਿਚਾਰ- ਗਿਆਨੀ ਹਰਿੰਦਰ ਸਿੰਘ ਜੀ ਅਲਵਰ, ਦਿੱਲੀ, ਪੰਥਕ ਵਿਚਾਰ ਅਤੇ ਪੰਥਕ ਸਰਗਰਮੀਆਂ, ਕੀਰਤਨ-ਭਾਈ ਦਵਿੰਦਰ ਸਿੰਘ ਜੀ ਬਾਟਾਲਾ, ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ, ਪੰਜਾਬ ਅਤੇ ਪੰਜਾਬ ਤੋਂ ਆਏ ਪ੍ਰਸਿਧ ਕਵੀ ਸ੍ਰ. ਬਲਬੀਰ ਸਿੰਘ ਕੋਮਲ, ਹੁਸ਼ਿਆਰਪੁਰ, ਐਡਵੋਕੇਟ ਸ੍ਰ. ਦੀਪ ਸਿੰਘ ਲੁਧਿਆਣਵੀ, ਸ੍ਰ. ਸ਼ੁਕਰਗੁਜਾਰ ਸਿੰਘ, ਜੰਡਿਆਲਾ ਗੁਰੂ ਅਤੇ ਬੀਬੀ ਜਤਿੰਦਰ ਕੌਰ ਆਨੰਦਪੁਰੀ ਅਤੇ ਸਥਾਨਕ ਕਵੀ ਬੀਬੀ ਅਮਰਜੀਤ ਕੌਰ ਪ੍ਰਵਾਨਾ, ਸ੍ਰ. ਕੁਲਵੰਤ ਸਿੰਘ ਬੱਤਰਾ ਅਤੇ ਸ੍ਰ. ਮਲਕੀਤ ਸਿੰਘ ਗਾਦਰੀ ਨੇ ਗੁਰੁ ਜੱਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ।

29 ਦਸੰਬਰ ਨੂੰ ਗੁਰੂਦੁਆਰਾ ਸ੍ਰੀ ਗੁਰੂ ਨਾਨਕ ਸਤਿਸੰਗ ਸਭਾ (ਰਜਿ.), ਚੂਨਾਭੱਟੀ ਵਿਖੇ ਅੰਮ੍ਰਿਤ ਸੰਚਾਰ ਹੋਇਆ ਜਿਸ ਵਿੱਚ ਕਈ ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ। ਬੇਅੰਤ ਸੰਗਤਾਂ ਨੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਦੇ ਪਾਵਨ ਪ੍ਰਕਾਸ਼ ਪੁਰਬ ਦੇ ਸਾਰੇ ਪ੍ਰੋਗਰਾਮਾਂ ਵਿੱਚ ਆਪਣੇ ਪ੍ਰਵਾਰ ਅਤੇ ਸੰਬੰਧੀਆਂ ਸਮੇਤ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।









